People's Herald

Rs- 160/month

# "ਇਕੁਐਲਿਟੀ ਐਂਡ ਜਸਟਿਸ"

People's Herald

https://www.facebook.com/profile.php?id=161037521061610

ਪਟਿਆਲਾ

"Equality and Justice"


स्वतंत्रता, समानता, भाईचारा

PATIALA On line paper 11 ਦਸੰਬਰ 2025 ਵੀਰਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ

(Google pay 91-9463601616 HARDIP SINGH STATE BANK OF INDIA ACCT NO-10566643658 . IFSC- SBIN0050773







## ਜਾਪਾਨ ਅਤੇ ਦੱਖਣੀ ਕੋਰੀਆ ਦਾ ਦੌਰਾ ਸੂਬੇ ਦੀ ਉਦਯੋਗਿਕ ਤਰੱਕੀ ਵਿੱਚ ਨਵਾਂ ਮੀਲ ਪੱਥਰ ਸਾਬਤ ਹੋਵੇਗਾ: ਭਗਵੰਤ ਮਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 10 ਦਸੰਬਰ INTERNATIONAL PAPER, 94636 01616 hardipchumber57@gmail.com

### ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜਾਪਾਨ ਤੇ ਦੱਖਣੀ ਕੋਰੀਆ ਦੌਰੇ ਦੀ ਸੰਖੇਪ ਸਮਰੀ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਾਪਾਨ ਅਤੇ ਦੱਖਣੀ ਕੋਰੀਆ ਦੇ ਦੌਰੇ ਦੌਰਾਨ ਵੱਡੀਆਂ ਗਲੋਬਲ ਕੰਪਨੀਆਂ ਅਤੇ ਸਰਕਾਰੀ ਸੰਸਥਾਵਾਂ ਨਾਲ ਕਈ ਮਹੱਤਵਪੂਰਨ ਮੀਟਿੰਗਾਂ ਕੀਤੀਆਂ। ਇਸ ਦੌਰੇ ਦਾ ਮੁੱਖ ਮਕਸਦ — ਪੰਜਾਬ ਵਿੱਚ ਨਿਵੇਸ਼ ਲਿਆਉਣਾ, ਉਦਯੋਗਿਕ ਵਿਕਾਸ ਨੂੰ ਤੇਜ਼ ਕਰਨਾ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਵਧਾਉਣਾ ਸੀ।

### ਜਾਪਾਨ ਦੌਰੇ ਦੀਆਂ ਮੁੱਖ ਉਪਲਬਧੀਆਂ

ਜਾਪਾਨ ਦੀਆਂ ਮੁੱਖ ਕੰਪਨੀਆਂ Yamaha, Honda, NEC, Fujitsu, Toray, Aisin, JBIC, JICA ਆਦਿ ਨੇ ਇਲੈਕਟ੍ਰਿਕ ਵਾਹਨ, ਖੋਜ-ਵਿਕਾਸ, ਕਲੀਨ Energy, ਆਟੋ-ਕੰਪੋਨੈਂਟ, ਟੈਕਸਟਾਈਲ, ਡਿਜ਼ਿਟਲ




ਗਵਰਨੈਂਸ ਵਿੱਚ ਨਿਵੇਸ਼ ਲਈ ਦਿਲਚਸਪੀ ਦਿਖਾਈ।

JBIC ਅਤੇ JICA ਨੇ ਪੰਜਾਬ ਵਿੱਚ ਵਿੱਤੀ ਸਹਾਇਤਾ ਅਤੇ ਤਕਨੀਕੀ ਸਹਿਯੋਗ ਲਈ ਸਹਿਮਤੀ ਦਿੱਤੀ।

Topan Holdings ਨੇ ਪੰਜਾਬ ਦੀ ਫੈਕਟਰੀ ਵਿੱਚ 300–400 ਕਰੋੜ ਰੁਪਏ ਦਾ ਨਵਾਂ ਨਿਵੇਸ਼ ਕਰਨ ਦਾ ਐਲਾਨ ਕੀਤਾ।

Aichi Steels – Vardhman Steels ਦੇ ਨਾਲ 500 ਕਰੋੜ ਰੁਪਏ ਤੱਕ ਦੇ ਨਿਵੇਸ਼ ਲਈ MoU ਸਾਈਨ ਹੋਇਆ।

ਟੋਕੀਓ ਤੇ ਓਸਾਕਾ ਰੋਡਸ਼ੋਅ ਵਿੱਚ 300+ ਜਾਪਾਨੀ ਬਿਜ਼ਨੈਸ ਪ੍ਰਤਿਨਿਧੀਆਂ ਨੇ ਹਿੱਸਾ ਲਿਆ — ਨਿਵੇਸ਼ ਦੇ ਮਾਹੌਲ ਦੀ ਵੱਡੀ ਸਹਿੰਦਗੀ।

### ਦੱਖਣੀ ਕੋਰੀਆ ਦੌਰੇ ਦੀਆਂ ਮੁੱਖ ਉਪਲਬਧੀਆਂ

ਕੋਰੀਆਈ ਕੰਪਨੀਆਂ Daewoo E&C, GS E&C, Nongshim, Sunjin, TagHive ਆਦਿ ਨੇ Punjab ਨੂੰ ਉੱਤਰੀ ਭਾਰਤ ਦੇ ਭਵਿੱਖ ਦੇ ਮੈਨੂਫੈਕਚਰਿੰਗ ਅਤੇ R&D ਹੱਬ ਵਜੋਂ ਦੇਖਦੇ ਹੋਏ ਦਿਲਚਸਪੀ ਦਿਖਾਈ।

Food Processing, Construction, Renewable Energy, Battery Storage, Sports Science ਵਿੱਚ ਸਾਂਝੀਦਾਰੀ 'ਤੇ ਚਰਚਾਵਾਂ ਹੋਈਆਂ।

KNSA (Korea National Sports University) ਨੇ ਪੰਜਾਬ ਨਾਲ ਖੇਡ ਸਿਖਲਾਈ ਅਤੇ ਐਕਸਚੇਂਜ ਪ੍ਰੋਗਰਾਮਾਂ ਵਿੱਚ ਰੁਚੀ ਦਿਖਾਈ।

ਕੋਰੀਆਈ ਨਿਵੇਸ਼ਕਾਂ ਨੇ ਪੰਜਾਬ ਦੇ IT, electronics ਅਤੇ startup ecosystem ਦੀ ਭਰਵੀਂ ਪ੍ਰਸ਼ੰਸਾ ਕੀਤੀ।

ਸਿਓਲ ਅਤੇ ਪੈਂਗਯੋ ਵਿੱਚ ਹੋਏ ਰੋਡਸ਼ੋਅ ਵਿੱਚ 40 ਤੋਂ ਵੱਧ ਉੱਚ ਪੱਧਰੀ ਕੋਰੀਆਈ ਸੰਸਥਾਵਾਂ ਨੇ ਹਿੱਸਾ ਲਿਆ।

### ਪੰਜਾਬ ਲਈ ਕੀ ਫਾਇਦਾ ਹੋਵੇਗਾ?

ਵੱਡੇ ਪੱਧਰ ਤੇ ਨਵਾਂ ਉਦਯੋਗ Punjab ਵਿੱਚ ਆਉਣ ਦੀ ਸੰਭਾਵਨਾ।

ਨੌਜਵਾਨਾਂ ਲਈ ਹਜ਼ਾਰਾਂ ਨਵੇਂ ਰੋਜ਼ਗਾਰ ਮੌਕੇ।

Punjab ਨੂੰ Electric Vehicles, Clean Energy, Auto Components, Aerospace, IT, R&D ਦਾ ਮੁੱਖ ਕੇਂਦਰ ਬਣਾਉਣ ਦਾ ਰਾਹ ਸਾਫ਼।

Punjab ਦੇ Startup ਅਤੇ Innovation ecosystem ਨੂੰ ਗਲੋਬਲ ਪੱਧਰ 'ਤੇ ਉਭਾਰ।

### ਮੁੱਖ ਮੰਤਰੀ ਦਾ ਸੰਦੇਸ਼

ਮਾਨ ਨੇ ਕਿਹਾ ਕਿ ਜਾਪਾਨ ਅਤੇ ਦੱਖਣੀ ਕੋਰੀਆ ਕੋਲ ਤਕਨਾਲੋਜੀ ਹੈ, ਅਤੇ ਪੰਜਾਬ ਕੋਲ ਟੈਲੰਟ ਤੇ ਮਿਹਨਤ — ਦੋਵਾਂ ਦੇ ਮਿਲਾਪ ਨਾਲ ਪੰਜਾਬ ਨੂੰ ਦੁਨੀਆ ਦੇ ਮੋਹਰੀ ਸੂਬਿਆਂ ਵਿੱਚੋਂ ਇੱਕ ਬਣਾਇਆ ਜਾਵੇਗਾ।

'ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ 2026' ਇਸ ਰਾਹ ਦਾ ਵੱਡਾ ਕਦਮ ਹੋਵੇਗਾ।

## ਬੈਲਟ ਪੇਪਰ ਪ੍ਰਣਾਲੀ ਵੱਲ ਵਾਪਸੀ ਦਾ ਮਤਲਬ ਬੂਥ ਕੈਪਚਰਿੰਗ ਦੀ ਵਾਪਸੀ: ਪ੍ਰਸਾਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 10 ਦਸੰਬਰ INTERNATIONAL PAPER, 94636 01616 hardipchumber57@gmail.com

ਵਿਰੋਧੀ ਪਾਰਟੀਆਂ ਵੱਲੋਂ ਬੈਲਟ ਪੇਪਰ ਰਾਹੀਂ ਚੋਣਾਂ ਕਰਵਾਉਣ ਦੀ ਮੰਗ ਦੇ ਵਿਚਕਾਰ ਸੀਨੀਅਰ ਭਾਜਪਾ ਆਗੂ ਰਵੀ ਸ਼ੰਕਰ ਪ੍ਰਸਾਦ ਨੇ ਬੁੱਧਵਾਰ ਨੂੰ ਜਵਾਬੀ ਹਮਲਾ ਕਰਦਿਆਂ ਕਿਹਾ ਕਿ ਇਸ ਦਾ ਮਤਲਬ ਬੂਥ ਕੈਪਚਰਿੰਗ ਦੇ ਦਿਨਾਂ ਵੱਲ ਵਾਪਸ ਜਾਣਾ ਹੋਵੇਗਾ। 'ਚੋਣ ਸੁਧਾਰਾਂ' 'ਤੇ ਲੋਕ ਸਭਾ ਵਿੱਚ ਬਹਿਸ ਵਿੱਚ ਹਿੱਸਾ ਲੈਂਦਿਆਂ ਸਾਬਕਾ ਕੇਂਦਰੀ ਕਾਨੂੰਨ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰ ਨੂੰ ਪੁਰਾਣੀ ਬੈਲਟ ਪੇਪਰ ਪ੍ਰਣਾਲੀ 'ਤੇ ਵਾਪਸ ਜਾਣ ਦੀ ਗੱਲ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐੱਮ.) ਦੀ ਵਰਤੋਂ ਨੂੰ ਪ੍ਰਮਾਣਿਤ ਕਰਨ ਵਾਲੇ ਘੱਟੋ-ਘੱਟ ਦੋ ਦਰਜਨ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਫੈਸਲੇ ਹਨ।

ਪ੍ਰਸਾਦ ਨੇ ਯਾਦ ਕੀਤਾ ਕਿ ਚੋਣ ਕਮਿਸ਼ਨ ਨੇ ਪਾਰਟੀਆਂ ਨੂੰ ਆਪਣੀ ਮੌਜੂਦਗੀ ਵਿੱਚ ਈ ਵੀ ਐੱਮ ਨੂੰ ਹੈਕ ਕਰਨ ਲਈ ਸੱਦਾ ਦਿੱਤਾ ਸੀ, ਪਰ ਕੋਈ ਵੀ ਪੇਸ਼ ਨਹੀਂ ਹੋਇਆ। ਉਨ੍ਹਾਂ ਕਿਹਾ, "ਹੁਣ ਉਹ (ਈ.ਵੀ.ਐੱਮ. ਦੇ ਖ਼ਿਲਾਫ਼) ਰੌਲਾ ਪਾ ਰਹੇ ਹਨ।"

ਪ੍ਰਸਾਦ ਨੇ ਇਹ ਵੀ ਨੋਟ ਕੀਤਾ ਕਿ ਹਾਲ ਹੀ ਵਿੱਚ ਹੋਈਆਂ ਬਿਹਾਰ ਚੋਣਾਂ ਤੋਂ ਬਾਅਦ ਈ ਵੀ ਐੱਮ ਦੇ ਮਾਈਕ੍ਰੋ-ਕੰਟਰੋਲਰਾਂ ਦੀ ਜਾਂਚ ਕਰਨ ਲਈ 'ਇੱਕ ਵੀ ਅਰਜ਼ੀ' ਪ੍ਰਾਪਤ ਨਹੀਂ ਹੋਈ।

ਉਨ੍ਹਾਂ ਕਿਹਾ ਕਿ ਵੋਟਰਾਂ ਦਾ ਵਿਸ਼ਵਾਸ ਵਧਾਉਣ ਲਈ, ਪ੍ਰਤੀ ਵਿਧਾਨ ਸਭਾ ਹਲਕੇ ਵਿੱਚੋਂ ਬੇਤਰਤੀਬੇ ਤੌਰ 'ਤੇ ਚੁਣੇ ਗਏ ਪੰਜ ਪੋਲਿੰਗ ਸਟੇਸ਼ਨਾਂ ਲਈ ਵੋਟਰ ਵੈਰੀਫਾਈਏਬਲ ਪੇਪਰ ਆਡਿਟ ਟ੍ਰੇਲਜ਼ ਯੂਨਿਟ (ਵੀ.ਵੀ.ਪੀ.ਏ.ਟੀ.) ਦੀਆਂ ਪਰਚੀਆਂ ਦੀ ਲਾਜ਼ਮੀ ਤਸਦੀਕ ਕੀਤੀ ਗਈ ਸੀ, ਪਰ ਬਿਹਾਰ ਵਿੱਚ ਕਿਤੇ ਵੀ



ਈ ਵੀ ਐੱਮ ਦੀ ਗਿਣਤੀ ਵਿੱਚ ਕੋਈ ਗੜਬੜੀ ਨਹੀਂ ਪਾਈ ਗਈ।

ਪ੍ਰਸਾਦ ਨੇ ਕਿਹਾ ਕਿ ਸਰਕਾਰ ਨੇ ਵਾਰ-ਵਾਰ ਬੈਲਟ ਪੇਪਰ ਪ੍ਰਣਾਲੀ 'ਤੇ ਵਾਪਸ ਜਾਣ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਈ ਵੀ ਐੱਮ ਨੇ ਚੋਣ ਪ੍ਰਕਿਰਿਆ ਨੂੰ ਤੇਜ਼ ਅਤੇ ਸੁਰੱਖਿਅਤ ਬਣਾਇਆ ਹੈ।

## ਸਰਕਾਰ 5100 ਏਕੜ ਤੋਂ ਵੱਧ ਜ਼ਮੀਨ ਐਕੁਆਇਰ ਕਰ ਰਹੀ ਹੈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 10 ਦਸੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ਸਰਕਾਰ ਨੇ ਸ਼ਹਿਰੀ ਵਿਕਾਸ ਨੂੰ ਹੁਲਾਰਾ ਦੇਣ ਲਈ ਮੁਹਾਲੀ ਵਿੱਚ ਨੌਂ ਨਵੇਂ ਸੈਕਟਰ ਅਤੇ ਨਿਊ ਚੰਡੀਗੜ੍ਹ ਵਿੱਚ ਦੋ ਨਵੀਆਂ ਟਾਊਨਸ਼ਿਪਾਂ ਵਿਕਸਿਤ ਕਰਨ ਦੀ ਤਿਆਰੀ ਕਰ ਲਈ ਹੈ। ਇਸ ਮਕਸਦ ਲਈ ਸਰਕਾਰ 5100 ਏਕੜ ਤੋਂ ਵੱਧ ਜ਼ਮੀਨ ਐਕੁਆਇਰ ਕਰ ਰਹੀ ਹੈ। ਸੀਨੀਅਰ ਅਧਿਕਾਰੀ ਮੁਤਾਬਕ ਭੌਂ ਪ੍ਰਾਪਤੀ ਕਾਨੂੰਨ 2013 ਦੀ ਧਾਰਾ 11 ਤਹਿਤ ਮੁਹਾਲੀ ਵਿੱਚ 4059 ਏਕੜ ਜ਼ਮੀਨ ਐਕੁਆਇਰ ਕਰਨ ਲਈ ਜਲਦੀ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ।

ਯੋਜਨਾ ਮੁਤਾਬਕ ਮੁਹਾਲੀ ਵਿੱਚ ਕੌਮਾਂਤਰੀ ਹਵਾਈ ਅੱਡੇ ਨੇੜੇ ਐਰੋਟ੍ਰੋਪੋਲਿਸ ਦੇ ਵਿਸਥਾਰ (ਬਲਾਕ ਈ ਤੋਂ ਜੇ) ਲਈ 3535 ਏਕੜ ਜ਼ਮੀਨ ਐਕੁਆਇਰ ਕੀਤੀ ਜਾਵੇਗੀ। ਇਸ ਤੋਂ ਇਲਾਵਾ 524 ਏਕੜ ਜ਼ਮੀਨ ਨਵੇਂ ਸੈਕਟਰ 87 (ਵਪਾਰਕ), 101 (ਕੁਝ ਹਿੱਸਾ) ਅਤੇ 103 (ਸਨਅਤੀ) ਲਈ ਰਾਖਵੀਂ ਰੱਖੀ ਗਈ ਹੈ। ਇਸ ਸਬੰਧੀ ਕਾਨੂੰਨ ਮੁਤਾਬਕ ਜ਼ਰੂਰੀ ਸਮਾਜਿਕ ਪ੍ਰਭਾਵ ਮੁਲਾਂਕਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਮਾਹਿਰਾਂ ਦੀ ਕਮੇਟੀ ਨੇ ਇਸ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਦੂਜੇ ਪਾਸੇ, ਨਿਊ ਚੰਡੀਗੜ੍ਹ ਵਿੱਚ ਪਹਿਲਾਂ ਤੋਂ ਹੀ ਐਕੁਆਇਰ ਕੀਤੀ ਜਾ ਰਹੀ 1048 ਏਕੜ ਜ਼ਮੀਨ ਲਈ ਮੁਆਵਜ਼ਾ ਐਵਾਰਡ ਤਿਆਰ ਕਰ ਲਏ ਗਏ ਹਨ। ਇਨ੍ਹਾਂ ਵਿੱਚ ਈਕੋ ਸਿਟੀ-3 ਲਈ 720 ਏਕੜ ਅਤੇ ਮੈਡੀਸਿਟੀ ਨੇੜੇ ਬਣਨ ਵਾਲੀ ਨਵੀਂ ਟਾਊਨਸ਼ਿਪ ਲਈ 328 ਏਕੜ ਜ਼ਮੀਨ ਸ਼ਾਮਲ ਹੈ। ਇਨ੍ਹਾਂ ਐਵਾਰਡਾਂ ਦਾ ਐਲਾਨ ਜਲਦੀ ਹੋਣ ਦੀ ਸੰਭਾਵਨਾ ਹੈ, ਜਿਸ ਨਾਲ ਜ਼ਮੀਨੀ ਪੱਧਰ 'ਤੇ ਵਿਕਾਸ ਕਾਰਜ ਸ਼ੁਰੂ ਹੋ ਸਕਣਗੇ।

ਅਹਿਮ ਗੱਲ ਇਹ ਹੈ ਕਿ ਸਰਕਾਰ ਨੇ ਇਸ ਸਾਲ ਜੂਨ ਵਿੱਚ ਆਪਣੀ ਪ੍ਰਮੁੱਖ 'ਲੈਂਡ ਪੂਲਿੰਗ ਪਾਲਿਸੀ' ਤਹਿਤ 6285 ਏਕੜ ਜ਼ਮੀਨ ਲੈਣ ਦੀ ਮਨਜ਼ੂਰੀ ਦਿੱਤੀ ਸੀ। ਉਸ ਨੀਤੀ ਤਹਿਤ ਕਿਸਾਨਾਂ ਨੂੰ ਨਕਦ ਮੁਆਵਜ਼ੇ ਦੀ ਬਜਾਏ ਵਿਕਸਿਤ ਪਲਾਟ ਮਿਲਣੇ ਸਨ। ਪਰ ਕਿਸਾਨਾਂ ਦੇ ਤਿੱਖੇ ਵਿਰੋਧ ਅਤੇ ਹਾਈ ਕੋਰਟ ਵੱਲੋਂ ਲਾਈ ਅੰਤਰਿਮ ਰੋਕ ਕਾਰਨ ਸਰਕਾਰ ਨੂੰ ਅਗਸਤ 'ਚ ਇਹ ਨੀਤੀ ਵਾਪਸ ਲੈਣੀ ਪਈ ਸੀ। ਕਿਸਾਨਾਂ ਨੂੰ ਡਰ ਸੀ ਕਿ ਪੂਲਿੰਗ ਨੀਤੀ ਨਾਲ ਜ਼ਮੀਨ 'ਤੇ ਕੰਟਰੋਲ ਘਟ ਜਾਵੇਗਾ।

ਲੈਂਡ ਪੂਲਿੰਗ ਨੀਤੀ ਬਨਾਮ ਭੌਂ ਪ੍ਰਾਪਤੀ ਕਾਨੂੰਨ

ਪੰਜਾਬ ਸਰਕਾਰ ਮੁਹਾਲੀ ਅਤੇ ਨਿਊ ਚੰਡੀਗੜ੍ਹ ਦੇ ਵਿਕਾਸ ਲਈ 'ਲੈਂਡ ਪੂਲਿੰਗ ਨੀਤੀ' ਰੱਦ ਕਰਕੇ ਪੁਰਾਣੇ 'ਭੌਂ ਪ੍ਰਾਪਤੀ ਕਾਨੂੰਨ 2013' ਵੱਲ ਪਰਤ ਆਈ ਹੈ। ਇਨ੍ਹਾਂ ਦੋਵਾਂ ਪ੍ਰਕਿਰਿਆਵਾਂ ਵਿੱਚ ਜ਼ਮੀਨ ਮਾਲਕਾਂ ਦੇ ਹੱਕਾਂ ਅਤੇ ਮੁਆਵਜ਼ੇ ਸਬੰਧੀ ਕਈ ਫਰਕ ਹਨ। ਰੱਦ ਕੀਤੀ ਗਈ ਲੈਂਡ ਪੂਲਿੰਗ ਨੀਤੀ ਤਹਿਤ ਸਰਕਾਰ ਨੇ ਜ਼ਮੀਨ ਬਦਲੇ ਨਕਦ ਰਾਸ਼ੀ ਦੀ ਬਜਾਏ ਵਿਕਸਿਤ ਰਿਹਾਇਸ਼ੀ, ਵਪਾਰਕ ਜਾਂ ਸਨਅਤੀ ਪਲਾਟ ਦੇਣੇ ਸਨ ਪਰ ਮੌਜੂਦਾ ਭੌਂ ਪ੍ਰਾਪਤੀ ਕਾਨੂੰਨ ਤਹਿਤ ਸਰਕਾਰ ਜ਼ਮੀਨ ਐਕੁਆਇਰ ਕਰ ਕੇ ਬਦਲੇ ਵਿੱਚ ਮਾਰਕੀਟ ਰੇਟ ਅਨੁਸਾਰ ਨਕਦ ਮੁਆਵਜ਼ਾ, ਉਜਾੜਾ ਭੱਤਾ ਅਤੇ ਮੁੜ ਵਸੇਬੇ ਦੇ ਲਾਭ ਦਿੰਦੀ ਹੈ। ਇਸੇ ਤਰ੍ਹਾਂ ਪੂਲਿੰਗ ਨੀਤੀ ਵਿੱਚ ਕਿਸਾਨਾਂ ਦੀ ਸਹਿਮਤੀ ਲਾਜ਼ਮੀ ਨਹੀਂ ਸੀ ਅਤੇ ਇਹ ਨੀਤੀ-ਆਧਾਰਿਤ ਸੀ। ਦੂਜੇ ਪਾਸੇ ਮੌਜੂਦਾ ਕਾਨੂੰਨ ਤਹਿਤ ਸਮਾਜਿਕ ਪ੍ਰਭਾਵ ਮੁਲਾਂਕਣ ਲਾਜ਼ਮੀ ਹੈ। ਇਸ ਵਿੱਚ ਬਾਕਾਇਦਾ ਲੋਕ ਸੁਣਵਾਈ ਹੁੰਦੀ ਹੈ, ਇਤਰਾਜ਼ ਮੰਗੇ ਜਾਂਦੇ ਹਨ ਅਤੇ ਪੂਰੀ ਪ੍ਰਕਿਰਿਆ ਪਾਰਦਰਸ਼ੀ ਹੁੰਦੀ ਹੈ।

## ਅਮਰੀਕਾ ਵੱਲੋਂ ਇਸ ਸਾਲ ਹੁਣ ਤੱਕ 85,000 ਵੀਜ਼ੇ ਕੀਤੇ ਗਏ ਰੱਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 10 ਦਸੰਬਰ INTERNATIONAL PAPER, 94636 01616 hardipchumber57@gmail.com

ਅਮਰੀਕਾ ਨੇ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰਨ ਤੋਂ ਬਾਅਦ ਜਨਵਰੀ ਤੋਂ ਲੈ ਕੇ ਹੁਣ ਤੱਕ 85,000 ਵੀਜ਼ੇ ਰੱਦ ਕੀਤੇ ਹਨ। ਅਮਰੀਕੀ ਵਿਦੇਸ਼ ਵਿਭਾਗ ਨੇ X 'ਤੇ ਕਿਹਾ ਕਿ ਇਹ ਕਾਰਵਾਈ ਟਰੰਪ ਪ੍ਰਸ਼ਾਸਨ ਦੇ ਇਮੀਗ੍ਰੇਸ਼ਨ ਅਤੇ ਸਰਹੱਦੀ ਸੁਰੱਖਿਆ 'ਤੇ ਵਧੇ ਹੋਏ ਧਿਆਨ ਦਾ ਹਿੱਸਾ ਹੈ।

ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਰੱਦ ਕੀਤੇ ਗਏ ਵੀਜ਼ਿਆਂ ਵਿੱਚੋਂ 8,000 ਤੋਂ ਵੱਧ ਵਿਦਿਆਰਥੀਆਂ ਦੇ ਸਨ। ਇਨ੍ਹਾਂ ਰੱਦ ਕਰਨ ਦੇ ਮੁੱਖ ਕਾਰਨ ਸ਼ਰਾਬ ਪੀ ਕੇ ਗੱਡੀ ਚਲਾਉਣਾ, ਚੋਰੀ ਅਤੇ ਹਮਲਾ ਵਰਗੇ ਅਪਰਾਧ ਸਨ, ਜੋ ਪਿਛਲੇ ਸਾਲ ਰੱਦ ਕੀਤੇ ਗਏ ਲਗਭਗ ਅੱਧੇ ਸਨ।

ਵੀਜ਼ੇ ਦੀ ਮਿਆਦ ਪੁੱਗਣ, ਅੱਤਵਾਦ ਦਾ ਸਮਰਥਨ ਕਰਨ ਨਾਲ ਸਬੰਧਤ ਜਾਂਚਾਂ ਅਤੇ ਹੋਰ ਗੰਭੀਰ ਕਾਰਨਾਂ ਕਰਕੇ ਵੀ ਕੁਝ ਵੀਜ਼ੇ ਰੱਦ ਕੀਤੇ ਗਏ ਸਨ। ਅਕਤੂਬਰ ਵਿੱਚ, ਪ੍ਰਸ਼ਾਸਨ ਨੇ ਰੂੜੀਵਾਦੀ ਕਾਰਕੁਨ ਚਾਰਲੀ ਕਿਰਕ ਦੇ ਕਤਲ ਦਾ ਜਸ਼ਨ ਮਨਾਉਣ ਦੇ ਦੋਸ਼ੀ ਲੋਕਾਂ ਦੇ



ਵੀਜ਼ੇ ਵੀ ਰੱਦ ਕਰ ਦਿੱਤੇ ਸਨ। ਗਾਜ਼ਾ ਸੰਘਰਸ਼ ਨਾਲ ਸਬੰਧਤ ਵਿਰੋਧ ਪ੍ਰਦਰਸ਼ਨਾਂ ਵਿੱਚ ਸ਼ਾਮਲ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵੀ ਸਖ਼ਤ ਜਾਂਚ ਕੀਤੀ ਜਾ ਰਹੀ ਹੈ।

# ਭਾਰਤੀ ਮੂਲ ਦੇ ਸਿੱਖ ਜੈ ਸਿੰਘ ਸੋਹਲ ਨੂੰ ਮਿਲਿਆ ਬ੍ਰਿਟਿਸ਼ ਐਂਪਾਇਰ ਐਵਾਰਡ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਦਸੰਬਰ
INTERNATIONAL PAPER, 94636 01616
hardipchumber57@gmail.com

ਲੰਡਨ: ਭਾਰਤੀ ਮੂਲ ਦੇ ਬ੍ਰਿਟਿਸ਼ ਸਿੱਖ ਜੈ ਸਿੰਘ ਸੋਹਲ ਨੂੰ ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ (OBE) ਨਾਲ ਸਨਮਾਨਿਤ ਕੀਤਾ ਗਿਆ ਹੈ। ਬ੍ਰਿਟੇਨ ਦੀ ਰਾਜਕੁਮਾਰੀ ਐਨ ਨੇ ਉਨ੍ਹਾਂ ਨੂੰ ਸੇਂਟ ਜੇਮਜ਼ ਪੈਲੇਸ ਵਿਖੇ ਇਹ ਸਨਮਾਨ ਦਿੱਤਾ।

ਉਨ੍ਹਾਂ ਨੂੰ ਪਹਿਲੇ ਵਿਸ਼ਵ ਯੁੱਧ ਵਿੱਚ ਸ਼ਹੀਦ ਹੋਏ ਸਿੱਖ ਸੈਨਿਕਾਂ ਦੇ ਸਨਮਾਨ ਲਈ ਪਹਿਲੀ ਯਾਦਗਾਰ ਬਣਾਉਣ ਲਈ OBE ਪ੍ਰਾਪਤ ਹੋਇਆ। ਉਨ੍ਹਾਂ ਨੇ 2015 ਵਿੱਚ ਇਸ ਯਾਦਗਾਰ ਨੂੰ ਸ਼ੁਰੂ ਕੀਤਾ।ਜੈ ਸਿੰਘ ਸੋਹਲ ਜਲੰਧਰ, ਪੰਜਾਬ ਦੇ ਰਹਿਣ ਵਾਲੇ ਹਨ। ਉਨ੍ਹਾਂ ਦੇ ਦਾਦਾ-ਦਾਦੀ 1960 ਦੇ ਦਹਾਕੇ ਵਿੱਚ ਭਾਰਤ ਛੱਡ ਕੇ ਬ੍ਰਿਟੇਨ ਚਲੇ ਗਏ ਸਨ ਅਤੇ ਉੱਥੇ ਹੀ ਵਸ ਗਏ ਸਨ। ਉਨ੍ਹਾਂ ਦੇ ਨਾਨਾ-ਨਾਨੀ ਕਪੂਰਥਲਾ ਤੋਂ ਸਨ।

ਬਰਮਿੰਘਮ ਵਿੱਚ ਜਨਮੇ, ਸੋਹਲ ਨੇ ਲੰਡਨ ਦੀ ਬਰੂਨਲ ਯੂਨੀਵਰਸਿਟੀ ਤੋਂ ਰਾਜਨੀਤੀ ਅਤੇ ਸਮਾਜਿਕ ਨੀਤੀ ਵਿੱਚ ਗ੍ਰੈਜੂਏਸ਼ਨ ਕੀਤੀ। ਫਿਰ ਉਨ੍ਹਾਂ ਨੇ ਪੱਤਰਕਾਰੀ ਵਿੱਚ ਆਪਣਾ ਕਰੀਅਰ ਸ਼ੁਰੂ ਕੀਤਾ। ਉਨ੍ਹਾਂ ਦੇ ਪਿਤਾ ਇੱਕ ਸਮਾਜ ਸੇਵਕ ਸਨ



ਅਤੇ ਬਰਮਿੰਘਮ ਵਿੱਚ ਕੰਮ ਕਰਦੇ ਸਨ।

# ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ: ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਯਕੀਨੀ ਬਣਾਉਣ ਲਈ 44 ਹਜ਼ਾਰ ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਦਸੰਬਰ
INTERNATIONAL PAPER, 94636 01616
hardipchumber57@gmail.com

ਸੂਬੇ ਵਿੱਚ ਆਉਣ ਵਾਲੇ ਦਿਨਾਂ 'ਚ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਦੇ ਮੱਦੇਨਜ਼ਰ, ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਅੱਜ ਕਿਹਾ ਕਿ ਪੰਜਾਬ ਪੁਲਿਸ ਸੂਬੇ ਵਿੱਚ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ 14 ਦਸੰਬਰ ਨੂੰ ਹੋਣਗੀਆਂ ਅਤੇ 17 ਦਸੰਬਰ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਨਤੀਜੇ ਐਲਾਨੇ ਜਾਣਗੇ।

ਸੂਬੇ ਵਿੱਚ ਸਕਾਰਾਤਮਕ ਮਾਹੌਲ ਬਣਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ, ਡੀਜੀਪੀ ਗੌਰਵ ਯਾਦਵ ਨੇ ਸਾਰੇ ਪੁਲਿਸ ਅਧਿਕਾਰੀਆਂ ਨੂੰ ਪੇਸ਼ੇਵਰ ਪੁਲਿਸਿੰਗ ਅਤੇ ਆਦਰਸ਼ ਚੋਣ ਜ਼ਾਬਤੇ ਦੀ ਸਖ਼ਤੀ ਨਾਲ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ।

ਇਸ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਸੂਬੇ ਦੇ ਸੀ.ਪੀਜ਼/ਐਸ.ਐਸ.ਪੀਜ਼. ਅਤੇ ਰੇਂਜ ਡੀ.ਆਈ.ਜੀਜ਼. ਨਾਲ ਵਰਚੁਅਲ ਮੀਟਿੰਗ ਦੀ ਪ੍ਰਧਾਨਗੀ ਕਰਨ ਉਪਰੰਤ ਕਿਹਾ ਕਿ ਸੂਬੇ ਭਰ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਫੀਲਡ ਅਧਿਕਾਰੀਆਂ ਨੂੰ, ਚੋਣਾਂ ਦੌਰਾਨ ਤਾਇਨਾਤੀ ਲਈ ਜ਼ਿਲ੍ਹਿਆਂ ਤੋਂ ਘੱਟੋ-ਘੱਟ 75 ਫੀਸਦੀ ਪੁਲਿਸ ਫੋਰਸ ਜੁਟਾਉਣ ਲਈ ਕਿਹਾ ਗਿਆ ਹੈ।

ਉਨ੍ਹਾਂ ਕਿਹਾ ਕਿ ਸਾਰੇ ਸੀਪੀ/ਐਸਐਸਪੀ ਨੂੰ ਪਹਿਲਾਂ ਹੀ ਸਮਾਜ ਵਿਰੋਧੀ ਅਨਸਰਾਂ 'ਤੇ ਤਿੱਖੀ ਨਜ਼ਰ ਰੱਖਣ ਅਤੇ ਆਮ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨ ਲਈ ਆਪਣੇ ਅਧਿਕਾਰ ਖੇਤਰਾਂ ਵਿੱਚ ਫਲੈਗ ਮਾਰਚ ਕੱਢਣ ਅਤੇ ਮਜ਼ਬੂਤ ਅੰਤਰ-ਰਾਜੀ ਅਤੇ ਅੰਤਰ-ਜ਼ਿਲ੍ਹਾ ਨਾਕੇ ਲਗਾਉਣ ਲਈ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ ਗੁਆਂਢੀ ਰਾਜਾਂ ਦੇ ਡੀ.ਜੀ.ਪੀਜ਼. ਨੂੰ ਪੰਜਾਬ ਨਾਲ ਲੱਗਦੀ ਸਰਹੱਦ ਦੇ ਆਪਣੇ ਵਾਲੇ ਪਾਸੇ ਨਾਕੇ ਲਗਾਉਣ ਲਈ ਪਹਿਲਾਂ ਹੀ ਬੇਨਤੀ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ 13395 ਪੋਲਿੰਗ ਸਟੇਸ਼ਨਾਂ 'ਤੇ 18718 ਪੋਲਿੰਗ ਬੂਥ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 860 ਨੂੰ ਅਤਿ-ਸੰਵੇਦਨਸ਼ੀਲ ਅਤੇ 3405 ਨੂੰ ਸੰਵੇਦਨਸ਼ੀਲ ਪੋਲਿੰਗ ਸਟੇਸ਼ਨਾਂ ਐਲਾਨਿਆ ਗਿਆ ਹੈ।

ਵਿਸ਼ੇਸ਼ ਡੀਜੀਪੀ ਨੇ ਕਿਹਾ ਕਿ ਸੂਬੇ ਵਿੱਚ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਨੂੰ ਯਕੀਨੀ ਬਣਾਉਣ ਲਈ ਗਜ਼ਟਿਡ ਰੈਂਕ ਦੇ ਅਧਿਕਾਰੀਆਂ ਦੀ ਨਿਗਰਾਨੀ ਹੇਠ 44000 ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸਾਰੇ ਸੀਪੀ ਅਤੇ ਐਸ.ਐਸ.ਪੀਜ. ਨੂੰ ਸੰਵੇਦਨਸ਼ੀਲ ਖੇਤਰਾਂ ਵਿੱਚ ਨਿਰੰਤਰ ਅਤੇ ਸਰਗਰਮੀ ਨਾਲ ਗਸ਼ਤ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ।

# ਥਾਈਲੈਂਡ ਨੇ ਕੰਬੋਡੀਆ 'ਤੇ ਕਰ ਦਿੱਤੀ ਏਅਰ ਸਟ੍ਰਾਈਕ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਦਸੰਬਰ
INTERNATIONAL PAPER, 94636 01616
hardipchumber57@gmail.com



ਥਾਈਲੈਂਡ/ਸ਼ਾਹ : ਥਾਈਲੈਂਡ ਅਤੇ ਕੰਬੋਡੀਆ ਵਿਚਕਾਰ ਇਕ ਵਾਰ ਫਿਰ ਤੋਂ ਹਿੰਸਾ ਭੜਕ ਗਈ ਐ, ਜਿਸ ਦੇ ਚਲਦਿਆਂ ਥਾਈਲੈਂਡ ਨੇ ਕੰਬੋਡੀਆ ਦੇ ਕਈ ਟਿਕਾਣਿਆਂ 'ਤੇ ਏਅਰ ਸਟ੍ਰਾਈਕ ਕਰ ਦਿੱਤੀ। ਇਹ ਹਮਲਾ ਅਜਿਹੇ ਸਮੇਂ ਹੋਇਆ ਜਦੋਂ ਹਾਲੇ ਕੁੱਝ ਮਹੀਨੇ ਪਹਿਲਾਂ ਹੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮੌਜੂਦਗੀ ਵਿਚ ਦੋਵੇਂ ਦੇਸ਼ਾਂ ਵਿਚਾਲੇ ਸ਼ਾਂਤੀ ਸਮਝੌਤਾ ਹੋਇਆ ਸੀ। ਉਸ ਸਮੇਂ ਪੰਜ ਦਿਨ ਚੱਲੀ ਲੜਾਈ ਵਿਚ 30 ਤੋਂ ਜ਼ਿਆਦਾ ਲੋਕ ਮਾਰੇ ਗਏ ਸੀ ਜਦਕਿ ਹਜ਼ਾਰਾਂ ਲੋਕਾਂ ਨੂੰ ਘਰ ਛੱਡਣ ਲਈ ਮਜਬੂਰ ਹੋਣਾ ਪਿਆ ਸੀ। ਸੋ ਆਓ ਤੁਹਾਨੂੰ ਦੱਸਦੇ ਆਂ, ਕੀ ਐ ਪੂਰਾ ਮਾਮਲਾ ਅਤੇ ਦੋਵੇਂ ਦੇਸ਼ਾਂ ਵਿਚਾਲੇ ਕਿਉਂ ਹੋ ਰਿਹੈ ਇਹ ਟਕਰਾਅ?

ਜਾਣਕਾਰੀ ਅਨੁਸਾਰ ਥਾਈਲੈਂਡ ਅਤੇ ਕੰਬੋਡੀਆ ਵਿਚਾਲੇ ਹੋ ਰਹੀ ਲੜਾਈ ਸਰਹੱਦ 'ਤੇ ਮੌਜੂਦ ਇਕ ਪ੍ਰਾਚੀਨ ਸ਼ਿਵ ਮੰਦਰ ਪ੍ਰੀਹ ਵਿਹਿਅਰ ਅਤੇ ਤਾ ਮੁਏਨ ਥਾਮ ਨੂੰ ਲੈ ਕੇ ਹੋ ਰਹੀ ਐ, ਜਿਸ ਨੂੰ ਲੈ ਕੇ ਲੰਬੇ ਸਮੇਂ ਤੋਂ ਦੋਵੇਂ ਦੇਸ਼ਾਂ ਵਿਚਾਲੇ ਵਿਵਾਦ ਚਲਦਾ ਆ ਰਿਹਾ ਏ। ਇਹ ਮੰਦਰ ਕੰਬੋਡੀਆ ਦੀ ਸਰਹੱਦ ਵਿਚ ਪੈਂਦਾ ਏ, ਪਰ ਆਸਪਾਸ ਦੀ ਜ਼ਮੀਨ 'ਤੇ ਦੋਵੇਂ ਦੇਸ਼ ਆਪਣਾ ਅਧਿਕਾਰ ਦੱਸਦੇ ਨੇ। ਕੁੱਝ ਮਹੀਨੇ ਪਹਿਲਾਂ ਦੋਵੇਂ ਦੇਸ਼ਾਂ ਵਿਚਾਲੇ ਪੰਜ ਦਿਨ ਤੱਕ ਲੜਾਈ ਚੱਲੀ ਸੀ, ਜਿਸ ਵਿਚ ਕਈ ਲੋਕ ਮਾਰੇ ਗਏ ਸੀ। ਹੁਣ ਮੌਜੂਦਾ ਸਮੇਂ ਲੜਾਈ ਇਸ ਕਰਕੇ ਛਿੜੀ ਕਿਉਂਕਿ ਥਾਈਲੈਂਡ ਦਾ ਕਹਿਣਾ ਏ ਕਿ ਕੰਬੋਡੀਆ ਵੱਲੋਂ ਕਈ ਦਿਨਾਂ ਤੋਂ ਸਰਹੱਦ 'ਤੇ ਭਾਰੀ ਹਥਿਆਰ ਜਮ੍ਹਾਂ ਕੀਤੇ ਜਾ ਰਹੇ ਸੀ ਅਤੇ ਫ਼ੌਜ ਤਾਇਨਾਤ ਕੀਤੀ ਜਾ ਰਹੀ ਸੀ, ਜਿਸ ਕਰਕੇ ਉਨ੍ਹਾਂ ਨੂੰ ਇਹ ਹਮਲਾ ਕਰਨਾ ਪਿਆ।

ਇਹ ਮੰਦਰ ਭਾਵੇਂ ਕੰਬੋਡੀਆ ਦੀ ਸਰਹੱਦ ਵਿਚ ਪੈਂਦਾ ਏ ਪਰ ਥਾਈਲੈਂਡ ਵੱਲੋਂ ਇਸ ਮੰਦਰ 'ਤੇ ਆਪਣਾ ਕੰਟਰੋਲ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਐ। ਜਦੋਂ ਇਸ ਮੰਦਰ ਨੂੰ ਲੈ ਕੇ ਰੋਜ਼ਾਨਾ ਹੀ ਦੋਵੇਂ ਦੇਸ਼ਾਂ ਵਿਚਾਲੇ ਝੜਪਾਂ ਹੋਣ ਲੱਗੀਆਂ ਤਾਂ ਤੰਗ ਆਏ ਕੰਬੋਡੀਆ ਨੇ ਇੰਟਰਨੈਸ਼ਨ ਕੋਰਟ ਦਾ ਰੁਖ਼ ਕੀਤਾ।

# ਪਟਿਆਲਾ SSP ਦੀ ਵਾਇਰਲ ਆਡੀਓ ਦੀ ਜਾਂਚ CFSL ਚੰਡੀਗੜ੍ਹ ਕਰੇਗੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਦਸੰਬਰ
INTERNATIONAL PAPER, 94636 01616
hardipchumber57@gmail.com




ਚੰਡੀਗੜ੍ਹ: ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਦੌਰਾਨ ਹੋਈ ਕਥਿਤ ਧੱਕੇਸ਼ਾਹੀ ਅਤੇ ਨਾਮਜ਼ਦਗੀਆਂ ਰੋਕਣ ਦੇ ਮਾਮਲੇ 'ਤੇ ਸੁਣਵਾਈ ਮਗਰੋਂ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ। ਚੀਫ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਡਿਵੀਜ਼ਨ ਬੈਂਚ ਨੇ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਦਾਇਰ ਜਨਹਿੱਤ ਪਟੀਸ਼ਨਾਂ (PILs) 'ਤੇ ਇਹ ਸੁਣਵਾਈ ਕੀਤੀ।

ਅਦਾਲਤ ਨੇ ਪਟਿਆਲਾ ਦੇ ਐਸ.ਐਸ.ਪੀ. (SSP) ਵਰੁਣ ਸ਼ਰਮਾ ਦੀ ਵਾਇਰਲ ਹੋਈ ਆਡੀਓ ਕਲਿੱਪ ਦੇ ਮਾਮਲੇ ਵਿੱਚ ਅਹਿਮ ਨਿਰਦੇਸ਼ ਜਾਰੀ ਕੀਤੇ ਹਨ। ਹਾਈਕੋਰਟ ਨੇ ਹੁਕਮ ਦਿੱਤਾ ਹੈ ਕਿ ਇਸ ਆਡੀਓ ਦੀ ਫੋਰੈਂਸਿਕ ਜਾਂਚ ਚੰਡੀਗੜ੍ਹ ਦੀ ਸੈਂਟਰਲ ਫੋਰੈਂਸਿਕ ਸਾਇੰਸ ਲੈਬਾਰਟਰੀ (CFSL) ਤੋਂ ਕਰਵਾਈ ਜਾਵੇਗੀ। ਜ਼ਿਕਰਯੋਗ ਹੈ ਕਿ ਇਸ ਆਡੀਓ ਵਿੱਚ ਕਥਿਤ ਤੌਰ 'ਤੇ ਵਿਰੋਧੀ ਉਮੀਦਵਾਰਾਂ ਦੇ ਕਾਗਜ਼ ਪਾੜਨ ਅਤੇ ਨਾਮਜ਼ਦਗੀਆਂ ਰੋਕਣ ਦੇ ਨਿਰਦੇਸ਼ ਦਿੱਤੇ ਗਏ ਸਨ। ਪੁਲਿਸ ਨੇ ਇਸ ਨੂੰ 'ਨਕਲੀ' ਅਤੇ ਏ.ਆਈ. (AI) ਰਾਹੀਂ ਤਿਆਰ ਕੀਤਾ ਦੱਸਿਆ ਸੀ। ਰਿਪੋਰਟਾਂ ਮੁਤਾਬਕ, ਸਬੰਧਤ ਐਸ.ਐਸ.ਪੀ. ਪਹਿਲਾਂ ਹੀ ਛੁੱਟੀ 'ਤੇ ਚੱਲ ਰਹੇ ਹਨ।

ਪਟੀਸ਼ਨਕਰਤਾ ਦੇ ਵਕੀਲ ਅਰਸ਼ਪ੍ਰੀਤ ਖਡਿਆਲ ਨੇ ਦੱਸਿਆ ਕਿ ਰਾਜ ਚੋਣ ਕਮਿਸ਼ਨ ਨੇ ਅਦਾਲਤ ਵਿੱਚ ਆਪਣਾ ਜਵਾਬ ਦਾਇਰ ਕਰਦਿਆਂ ਹੁਣ ਤੱਕ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਹੈ। ਅਦਾਲਤ ਨੇ ਸਾਰੀਆਂ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ ਹੈ, ਜੋ ਜਲਦ ਸੁਣਾਇਆ ਜਾਵੇਗਾ। ਪਟੀਸ਼ਨਕਰਤਾਵਾਂ ਨੇ ਦੋਸ਼ ਲਾਇਆ ਸੀ ਕਿ 'ਆਪ' ਉਮੀਦਵਾਰਾਂ ਨੂੰ ਬਿਨਾਂ ਮੁਕਾਬਲੇ ਜਿਤਾਉਣ ਲਈ ਵਿਰੋਧੀ ਧਿਰਾਂ ਨੂੰ ਨਾਮਜ਼ਦਗੀਆਂ ਭਰਨ ਤੋਂ ਰੋਕਿਆ ਗਿਆ ਸੀ।

# ਅਦਾਲਤ ਨੇ ਸਥਿਤੀ ਨੂੰ "ਸੰਕਟ" ਕਰਾਰ ਦਿੱਤਾ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਦਸੰਬਰ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ: ਦਿੱਲੀ ਹਾਈ ਕੋਰਟ ਨੇ ਬੁੱਧਵਾਰ ਨੂੰ ਕੇਂਦਰ ਸਰਕਾਰ ਤੋਂ ਸਵਾਲ ਕੀਤਾ ਕਿ ਅਜਿਹੀ ਸਥਿਤੀ ਕਿਉਂ ਪੈਦਾ ਹੋਈ ਜਿਸ ਕਾਰਨ ਇੰਡੀਗੋ ਦੀਆਂ ਕਈ ਉਡਾਣਾਂ ਰੱਦ ਕੀਤੀਆਂ ਗਈਆਂ।

ਅਦਾਲਤ ਨੇ ਸਥਿਤੀ ਨੂੰ "ਸੰਕਟ" ਕਰਾਰ ਦਿੱਤਾ।

ਹਾਈ ਕੋਰਟ ਨੇ ਕਿਹਾ ਕਿ ਫਸੇ ਹੋਏ ਯਾਤਰੀਆਂ ਨੂੰ ਹੋਣ ਵਾਲੀ ਅਸੁਵਿਧਾ ਅਤੇ ਪਰੇਸ਼ਾਨੀ ਤੋਂ ਇਲਾਵਾ, ਇਹ ਅਰਥਵਿਵਸਥਾ ਨੂੰ ਹੋਣ ਵਾਲੇ ਨੁਕਸਾਨ ਦੀ ਵੀ ਚਿੰਤਾ ਕਰਦਾ ਹੈ।

ਚੀਫ਼ ਜਸਟਿਸ ਦੇਵੇਂਦਰ ਕੁਮਾਰ ਉਪਾਧਿਆਏ ਅਤੇ ਜਸਟਿਸ ਤੁਸ਼ਾਰ ਰਾਓ ਗੇਡੇਲਾ ਦੀ ਬੈਂਚ ਨੇ ਇਹ ਵੀ ਸਵਾਲ ਕੀਤਾ ਕਿ ਹੋਰ ਏਅਰਲਾਈਨਾਂ ਅਜਿਹੇ ਸੰਕਟ ਦਾ ਫਾਇਦਾ ਕਿਵੇਂ ਉਠਾ ਸਕਦੀਆਂ ਹਨ ਅਤੇ ਯਾਤਰੀਆਂ ਤੋਂ ਟਿਕਟਾਂ ਲਈ ਬਹੁਤ ਜ਼ਿਆਦਾ ਵਸੂਲ ਕਰ ਸਕਦੀਆਂ ਹਨ।

ਕੇਂਦਰ ਸਰਕਾਰ ਅਤੇ ਡਾਇਰੈਕਟੋਰੇਟ ਜਨਰਲ ਆਫ਼ ਸਿਵਲ ਏਵੀਏਸ਼ਨ (ਡੀਜੀਸੀਏ) ਵੱਲੋਂ ਪੇਸ਼ ਹੋਏ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਕਾਨੂੰਨੀ ਪ੍ਰਬੰਧ ਪੂਰੀ ਤਰ੍ਹਾਂ ਲਾਗੂ ਹੋਣ ਯੋਗ ਹਨ ਅਤੇ ਇੰਡੀਗੋ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਹੈ, ਜਿਸ ਨੇ ਮੁਆਫ਼ੀ ਮੰਗੀ ਹੈ।

ਸਰਕਾਰੀ ਵਕੀਲ ਨੇ ਇਹ ਵੀ ਕਿਹਾ ਕਿ ਇਹ ਸੰਕਟ ਕਈ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਕਾਰਨ ਹੋਇਆ ਹੈ, ਜਿਸ ਵਿੱਚ ਚਾਲਕ ਦਲ ਦੇ ਮੈਂਬਰਾਂ ਲਈ ਉਡਾਣ ਡਿਊਟੀ ਘੰਟਿਆਂ ਸੰਬੰਧੀ ਨਿਯਮ ਸ਼ਾਮਲ ਹਨ।

ਅਦਾਲਤ ਇੱਕ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਸੀ ਜਿਸ ਵਿੱਚ ਇੰਡੀਗੋ ਵੱਲੋਂ ਸੈਂਕੜੇ ਉਡਾਣਾਂ ਰੱਦ ਕਰਨ ਤੋਂ ਪ੍ਰਭਾਵਿਤ ਯਾਤਰੀਆਂ ਨੂੰ ਸਹਾਇਤਾ ਅਤੇ ਰਿਫੰਡ ਪ੍ਰਦਾਨ ਕਰਨ ਲਈ ਕੇਂਦਰ ਨੂੰ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ।

# ਬੀ.ਕੇ.ਯੂ. ਆਜ਼ਾਦ ਨੇ ਚਿੱਪ ਵਾਲੇ ਮੀਟਰ ਪੱਟ ਕੇ ਬਿਜਲੀ ਵਿਭਾਗ ਦੇ ਸਬ ਡਵੀਜ਼ਨ ਵਿੱਚ ਜਮ੍ਹਾਂ ਕਰਵਾਏ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਦਸੰਬਰ
INTERNATIONAL PAPER, 94636 01616
hardipchumber57@gmail.com



ਲੌਂਗੋਵਾਲ,10 ਦਸੰਬਰ (ਜਗਸੀਰ ਸਿੰਘ)- ਕਿਸਾਨ ਮਜ਼ਦੂਰ ਮੋਰਚੇ ਦੇ ਵੱਲੋਂ ਅੱਜ ਪੰਜਾਬ ਵਿੱਚ ਚਿੱਪ ਵਾਲੇ ਮੀਟਰ ਪੱਟ ਕ ਜਮਾਂ ਕਰਵਾਉਣ ਦੀ ਕਾਲ ਦੇ ਦਿੱਤੇ ਪ੍ਰੋਗਰਾਮ ਅਧੀਨ ਭਾਰਤੀ ਕਿਸਾਨ ਯੂਨੀਅਨ ਏਕਤਾ ਆਜਾਦ ਵੱਲੋਂ ਅੱਜ ਲੌਂਗੋਵਾਲ ਸਬ ਡਵੀਜ਼ਨ ਵਿਖੇ ਜਮਾਂ ਕਰਵਾਏ ਗਏ। ਇਸ ਸਮੇਂ ਯੂਨੀਅਨ ਦੇ ਜ਼ਿਲਾ ਕਾਰਜਕਾਰੀ ਕਨਵੀਨਰ ਕੁਲਵਿੰਦਰ ਸੋਨੀ ਲੌਂਗੋਵਾਲ ਨੇ ਦੱਸਿਆ ਕਿ ਕਿਸਾਨ ਮਜ਼ਦੂਰ ਮੋਰਚੇ ਦੀ ਕਾਲ ਤੇ ਅੱਜ ਲੌਂਗੋਵਾਲ ,ਪਿੰਡੀ ਕੇਹਰ ਸਿੰਘ ਵਾਲੀ,ਦੁੱਲਟ ਕੋਠੇ ਵਿੱਚੋਂ ਖਪਤਕਾਰਾਂ ਦੀ ਸਹਿਮਤੀ ਦੇ ਨਾਲ ਮੀਟਰ ਪੱਟ ਕੇ ਸਿੱਧੀਆਂ ਤਾਰਾਂ ਜੋੜਕੇ ਖਪਤਕਾਰਾਂ ਨੂੰ ਪੂਰਨ ਵਿਸ਼ਵਾਸ ਦਿਵਾਇਆ ਗਿਆ ਕਿ ਕਿਸੇ ਕਿਸਮ ਦੇ ਜੁਰਮਾਨੇ ਸਰਕਾਰੀ ਅਧਿਕਾਰੀਆਂ ਨੂੰ ਨਹੀਂ ਕਰਨ ਦਿੱਤੇ ਜਾਣਗੇ,ਜੇ ਸਰਕਾਰ ਧੱਕਾ ਕਰਦੀ ਹੈ ਤਾਂ ਜਥੇਬੰਦੀ ਹਿੱਕ ਡਾਹ ਕੇ ਖਪਤਕਾਰਾਂ ਦੇ ਅੱਗੇ ਖੜੇਗੀ। ਉਨ੍ਹਾਂ ਕਿਹਾ ਕਿਉਂਕਿ ਇਹ ਬਿਜਲੀ ਬਿਲ 2025 ਦੇ ਲਾਗੂ ਹੋਣ ਨਾਲ ਗਰੀਬ ਲੋਕਾਂ ਦੇ ਘਰਾਂ ਦੇ ਵਿੱਚੋਂ ਜਗਦੇ ਬੱਲਬ ਤੇ ਲੋਕਾਂ ਦੇ ਜਿਉਣ ਦਾ ਸਾਹ ਬਣ ਚੁੱਕੀ ਬਿਜਲੀ ਆਮ ਲੋਕਾਂ ਦੀ ਪਹੁੰਚ ਤੋਂ ਕੋਹਾਂ ਦੂਰ ਹੋ ਜਾਵੇਗੀ। ਪੰਜਾਬ ਦੇ ਮੁੱਖ ਮੰਤਰੀ ਦਾ ਵੀ ਬਿਜਲੀ ਬਿਲ 2025 ਦੇ ਬਾਰੇ ਬਿਆਨ ਨਾਂ ਦੇਣਾ ਤੇ ਸੰਘਰਸ਼ ਕਰ ਰਹੀਆਂ ਜਥੇਬੰਦੀਆਂ ਤੇ ਮੋਰਚੇ ਤੇ ਪੁਲਿਸ ਜਬਰ ਕਰਨਾ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਲੋਕਾਂ ਦੀ ਹਿਤੈਸ਼ੀ ਕਹਾਉਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਬਿਲ ਨੂੰ ਪੰਜਾਬ ਚ ਲਾਗੂ ਕਰਾਕੇ ਲੋਕਾਂ ਦਾ ਗਲ਼ਾ ਘੁੱਟਣਾ ਚਾਹੁੰਦੀ ਹੈ। ਉਨ੍ਹਾਂ ਦੱਸਿਆ ਕਿ ਪਿੰਡਾਂ ਵਿੱਚ ਜਥੇਬੰਦੀ ਦੇ ਆਗੂਆਂ ਕੋਲ ਲੋਕ ਮੀਟਰ ਪੁੱਟਣ ਲਈ ਵੱਡੀ ਪੱਧਰ ਤੇ ਪਹੁੰਚ ਕਰ ਰਹੇ ਹਨ, ਆਉਣ ਵਾਲੇ ਦਿਨਾਂ ਵਿੱਚ ਵੀ ਮੀਟਰ ਪੱਟਣ ਦੀ ਬੇਨਤੀ ਲੈਕੇ ਆਉਣ ਵਾਲੇ ਪਰਿਵਾਰਾਂ ਦੇ ਮੀਟਰ ਪੱਟ ਕੇ ਜਮਾਂ ਕਰਵਾਏ ਜਾਣਗੇ। ਇਸ ਸਮੇਂ ਬੀ.ਕੇ.ਯੂ. ਆਜ਼ਾਦ ਦੇ ਆਗੂ ਅਮਰ ਸਿੰਘ ਲੌਂਗੋਵਾਲ, ਅਮਰਜੀਤ ਲੌਂਗੋਵਾਲ, ਸੁਖਦੇਵ ਲੌਂਗੋਵਾਲ, ਧੰਨਾਂ ਦਿਆਲਗੜ੍ਹ,ਬੰਤ ਸਿੰਘ ਆਦਿ ਹਾਜ਼ਰ ਸਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਦਸੰਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਕੀ ਹਿੰਦੂ ਧਰਮ ਵਿੱਚ ਤੁਹਾਡੇ ਲਈ ਕੋਈ ਹਮਦਰਦੀ ਹੈ?

ਜਿੱਥੋਂ ਤੱਕ ਹਮਦਰਦੀ ਦਾ ਸਵਾਲ ਹੈ, ਇਹ ਮੌਜੂਦ ਨਹੀਂ ਹੈ। ਤੁਸੀਂ ਜਿੱਥੇ ਵੀ ਜਾਂਦੇ ਹੋ, ਕੋਈ ਵੀ ਤੁਹਾਨੂੰ ਹਮਦਰਦੀ ਨਾਲ ਨਹੀਂ ਦੇਖਦਾ। ਤੁਸੀਂ ਸਾਰਿਆਂ ਨੇ ਇਸਦਾ ਚੰਗੀ ਤਰ੍ਹਾਂ ਅਨੁਭਵ ਕੀਤਾ ਹੈ। ਹਿੰਦੂਆਂ ਦਾ ਤੁਹਾਡੇ ਨਾਲ ਕੋਈ ਭਾਈਚਾਰਾ ਨਹੀਂ ਹੈ। ਤੁਹਾਡੇ ਨਾਲ ਵਿਦੇਸ਼ੀ ਲੋਕਾਂ ਨਾਲੋਂ ਵੀ



ਮਾੜਾ ਸਲੂਕ ਕੀਤਾ ਜਾਂਦਾ ਹੈ। ਜੇ ਕੋਈ ਪਿੰਡ ਵਿੱਚ ਰਹਿਣ ਵਾਲੇ ਹਿੰਦੂਆਂ ਅਤੇ ਅਛੂਤਾਂ ਨੂੰ ਦੇਖਦਾ ਹੈ, ਤਾਂ ਕੋਈ ਵੀ ਉਨ੍ਹਾਂ ਨੂੰ ਭਰਾ ਨਹੀਂ ਸਮਝੇਗਾ। ਉਹ ਜੰਗ ਦੇ ਮੈਦਾਨ ਵਿੱਚ ਵਿਰੋਧੀ ਫੌਜਾਂ ਵਾਂਗ ਜ਼ਿਆਦਾ ਦਿਖਾਈ ਦਿੰਦੇ ਹਨ। ਹਿੰਦੂਆਂ ਨੂੰ ਤੁਹਾਡੇ ਪ੍ਰਤੀ ਓਨੀ ਖਿੱਚ ਨਹੀਂ ਹੈ ਜਿੰਨੀ ਉਨ੍ਹਾਂ ਨੂੰ ਮੁਸਲਮਾਨਾਂ ਪ੍ਰਤੀ ਹੈ। ਉਹ ਮੁਸਲਮਾਨਾਂ ਨੂੰ ਆਪਣੇ ਨੇੜੇ ਸਮਝਦੇ ਹਨ। ਹਿੰਦੂ ਅਤੇ ਮੁਸਲਮਾਨ ਸਥਾਨਕ ਬੋਰਡਾਂ, ਵਿਧਾਨ ਸਭਾਵਾਂ ਅਤੇ ਕਾਰੋਬਾਰਾਂ ਵਿੱਚ ਇੱਕ ਦੂਜੇ ਦੀ ਮਦਦ ਕਰਦੇ ਹਨ। ਕੀ ਤੁਸੀਂ ਇੱਕ ਵੀ ਅਜਿਹਾ ਉਦਾਹਰਣ ਦੱਸ ਸਕਦੇ ਹੋ ਜਿੱਥੇ ਅਛੂਤ ਹਿੰਦੂਆਂ ਨੇ ਤੁਹਾਡੇ ਪ੍ਰਤੀ ਹਮਦਰਦੀ ਦਿਖਾਈ ਹੋਵੇ? ਇਸ ਦੇ ਉਲਟ, ਉਨ੍ਹਾਂ ਨੇ ਤੁਹਾਡੇ ਵਿਰੁੱਧ ਨਫ਼ਰਤ ਦੇ ਬੀਜ ਬੀਜੇ ਹਨ। ਇਸ ਭਿਆਨਕ ਨਫ਼ਰਤ ਕਾਰਨ ਅਦਾਲਤ ਵਿੱਚ ਇਨਸਾਫ਼ ਮੰਗਣ ਜਾਂ ਮਦਦ ਲਈ ਪੁਲਿਸ ਕੋਲ ਜਾਣ ਵਾਲੇ ਲੋਕਾਂ ਨੂੰ ਜੋ ਦੁੱਖ ਝੱਲਣਾ ਪਿਆ, ਉਹ ਸਿਰਫ਼ ਉਨ੍ਹਾਂ ਤੋਂ ਹੀ ਸੁਣਿਆ ਜਾ ਸਕਦਾ ਹੈ। ਕੀ ਤੁਹਾਡੇ ਵਿੱਚੋਂ ਕਿਸੇ ਨੂੰ ਭਰੋਸਾ ਹੈ ਕਿ ਉਸਨੂੰ ਅਦਾਲਤ ਤੋਂ ਇਨਸਾਫ਼ ਮਿਲੇਗਾ ਜਾਂ ਪੁਲਿਸ ਤੋਂ ਸਹੀ ਮਦਦ ਮਿਲੇਗੀ? ਜੇ ਨਹੀਂ, ਤਾਂ ਤੁਹਾਡੇ ਵਿਰੁੱਧ ਨਫ਼ਰਤ ਦਾ ਇਹ ਬੀਜ ਬੀਜਣ ਦਾ ਕੀ ਕਾਰਨ ਹੈ? ਮੈਨੂੰ ਲੱਗਦਾ ਹੈ ਕਿ ਇਸ ਅਵਿਸ਼ਵਾਸ ਦਾ ਸਿਰਫ਼ ਇੱਕ ਹੀ ਕਾਰਨ ਹੈ। ਤੁਸੀਂ ਮੰਨਦੇ ਹੋ ਕਿ ਹਿੰਦੂ ਆਪਣੀ ਸ਼ਕਤੀ ਦੀ ਸਹੀ ਵਰਤੋਂ ਨਹੀਂ ਕਰਨਗੇ ਕਿਉਂਕਿ ਉਹ ਤੁਹਾਡੇ ਨਾਲ ਹਮਦਰਦੀ ਨਹੀਂ ਰੱਖਦੇ। ਜੇ ਇਹ ਸੱਚ ਹੈ, ਤਾਂ ਅਜਿਹੀ ਨਫ਼ਰਤ ਦੇ ਵਿਚਕਾਰ ਰਹਿਣ ਦਾ ਕੀ ਮਤਲਬ ਹੈ?

ਕੀ ਹਿੰਦੂ ਧਰਮ ਵਿੱਚ ਤੁਹਾਡੇ ਲਈ ਸਮਾਨਤਾ ਹੈ?

ਦਰਅਸਲ, ਇਹ ਸਵਾਲ ਨਹੀਂ ਪੁੱਛਿਆ ਜਾਣਾ ਚਾਹੀਦਾ। ਛੂਤ-ਛਾਤ ਇੱਕ ਠੋਸ ਅਸਮਾਨਤਾ ਤੋਂ ਇਲਾਵਾ ਕੁਝ ਵੀ ਨਹੀਂ ਹੈ। ਅਸਮਾਨਤਾ ਦੀ ਕਿਤੇ ਵੀ ਅਜਿਹੀ ਕੋਈ ਜਿਉਂਦੀ-ਜਾਗਦੀ ਉਦਾਹਰਣ ਨਹੀਂ ਹੈ। ਦੁਨੀਆ ਦੇ ਇਤਿਹਾਸ ਵਿੱਚ ਕਦੇ ਵੀ ਛੂਤ-ਛਾਤ ਤੋਂ ਵੱਧ ਗੰਭੀਰ ਅਸਮਾਨਤਾ ਨਹੀਂ ਹੋਈ। ਉੱਤਮਤਾ ਅਤੇ ਹੀਣਤਾ ਦੀਆਂ ਭਾਵਨਾਵਾਂ ਦੇ ਆਧਾਰ 'ਤੇ, ਕੋਈ ਆਪਣੀ ਧੀ ਦਾ ਵਿਆਹ ਨਹੀਂ ਕਰ ਸਕਦਾ ਜਾਂ ਇਕੱਠੇ ਨਹੀਂ ਖਾ ਸਕਦਾ। ਅਸਮਾਨਤਾ ਦੀਆਂ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ। ਹਿੰਦੂ ਧਰਮ ਅਤੇ ਹਿੰਦੂ ਸਮਾਜ ਨੂੰ ਛੱਡ ਕੇ ਦੁਨੀਆ ਵਿੱਚ ਕਿਤੇ ਵੀ ਕੋਈ ਧਰਮ ਨਹੀਂ ਹੈ ਜਿੱਥੇ ਇੱਕ ਮਨੁੱਖ ਨੂੰ ਦੂਜੇ ਤੋਂ ਨੀਵਾਂ ਮੰਨਿਆ ਜਾਂਦਾ ਹੈ ਅਤੇ ਉਸਨੂੰ ਛੂਹਣ ਦੀ ਮਨਾਹੀ ਹੈ? ਕੀ ਕੋਈ ਇਹ ਮੰਨੇਗਾ ਕਿ ਮਨੁੱਖ ਨਾਮ ਦਾ ਇੱਕ ਜਾਨਵਰ ਹੈ ਪਰ ਪਾਣੀ ਸਿਰਫ਼ ਉਸਦੇ ਛੂਹਣ ਨਾਲ ਹੀ ਪ੍ਰਦੂਸ਼ਿਤ ਹੋ ਜਾਂਦਾ ਹੈ। ਭਗਵਾਨ ਵੀ ਭ੍ਰਿਸ਼ਟ ਹੋ ਜਾਂਦਾ ਹੈ ਅਤੇ ਪੂਜਣਯੋਗ ਨਹੀਂ ਰਹਿ ਸਕਦਾ? ਕੀ ਇੱਕ ਅਛੂਤ ਅਤੇ ਕੋੜ੍ਹੀ ਨਾਲ ਕੀਤੇ ਜਾਣ ਵਾਲੇ ਸਲੂਕ ਵਿੱਚ ਕੋਈ ਫ਼ਰਕ ਹੈ? ਭਾਵੇਂ ਲੋਕ ਕੋੜ੍ਹੀ ਨੂੰ ਛੂਹਣ ਵਿੱਚ ਘਿਣ ਮਹਿਸੂਸ ਕਰਦੇ ਹਨ, ਪਰ ਉਨ੍ਹਾਂ ਦੇ ਦਿਲਾਂ ਵਿੱਚ ਕੁਝ ਹਮਦਰਦੀ ਹੈ। ਲੋਕ ਤੁਹਾਨੂੰ ਦੇਖ ਕੇ ਉਲਟੀਆਂ ਕਰਨ ਲੱਗ ਪੈਂਦੇ ਹਨ ਅਤੇ ਉਨ੍ਹਾਂ ਦੇ ਦਿਲ ਤੁਹਾਡੇ ਪ੍ਰਤੀ ਨਫ਼ਰਤ ਨਾਲ ਭਰ ਜਾਂਦੇ ਹਨ। ਇਸ ਤਰ੍ਹਾਂ ਤੁਹਾਡੀ ਹਾਲਤ ਕੋੜ੍ਹੀ ਨਾਲੋਂ ਵੀ ਮਾੜੀ ਹੈ। ਅੱਜ ਵੀ ਜੇਕਰ ਕੋਈ ਆਪਣਾ ਵਰਤ ਤੋੜਦੇ ਸਮੇਂ ਮਹਿਰ ਦੀ ਆਵਾਜ਼ ਸੁਣਦਾ ਹੈ, ਤਾਂ ਉਹ ਭੋਜਨ ਨੂੰ ਨਹੀਂ ਛੂੰਹਦਾ। ਤੁਹਾਡੇ ਸਰੀਰ ਅਤੇ ਸ਼ਬਦਾਂ ਨੂੰ ਅਜਿਹੀ ਗੰਦਗੀ ਨਾਲ ਜੋੜਿਆ ਗਿਆ ਹੈ। ਕੁਝ ਲੋਕ ਕਹਿੰਦੇ ਹਨ ਕਿ ਛੂਤ-ਛਾਤ ਹਿੰਦੂ ਧਰਮ ਦੇ ਨਾਮ 'ਤੇ ਇੱਕ ਕਾਲਾ ਧੱਬਾ ਹੈ। ਇਸ ਕਥਨ ਦਾ ਕੋਈ ਅਰਥ ਨਹੀਂ ਹੈ। ਕਿਉਂਕਿ ਕੋਈ ਵੀ ਹਿੰਦੂ ਹਿੰਦੂ ਧਰਮ ਨੂੰ ਧੱਬਾ ਨਹੀਂ ਮੰਨਦਾ। ਹਿੰਦੂਆਂ ਵਿੱਚ ਬਹੁਗਿਣਤੀ ਵਿਸ਼ਵਾਸ ਹੈ ਕਿ ਤੁਸੀਂ ਲੋਕ ਇੱਕ ਧੱਬਾ ਹੋ ਕਿਉਂਕਿ ਤੁਸੀਂ ਅਪਵਿੱਤਰ ਹੋ। ਤੁਸੀਂ ਇਸ ਅਵਸਥਾ ਵਿੱਚ ਕਿਵੇਂ ਪਹੁੰਚੇ? ਮੈਨੂੰ ਲੱਗਦਾ ਹੈ ਕਿ ਤੁਹਾਨੂੰ ਇਸ ਅਵਸਥਾ ਵਿੱਚ ਇਸ ਲਈ ਧੱਕਿਆ ਗਿਆ ਕਿਉਂਕਿ ਤੁਸੀਂ ਹਿੰਦੂ ਧਰਮ ਨਾਲ ਜੁੜੇ ਰਹੇ। ਤੁਹਾਡੇ ਵਿੱਚੋਂ ਜਿਹੜੇ ਮੁਸਲਮਾਨ ਬਣੇ, ਉਨ੍ਹਾਂ ਨੂੰ ਹਿੰਦੂ ਨਾ ਤਾਂ ਅਛੂਤ ਮੰਨਦੇ ਹਨ ਅਤੇ ਨਾ ਹੀ ਅਸਮਾਨ। ਇਹੀ ਮਾਪਦੰਡ ਉਨ੍ਹਾਂ 'ਤੇ ਲਾਗੂ ਹੁੰਦੇ ਹਨ ਜੋ ਈਸਾਈ ਬਣੇ। ਕਿਉਂਕਿ ਹਿੰਦੂ ਵੀ ਉਨ੍ਹਾਂ ਨੂੰ ਨਾ ਤਾਂ ਅਛੂਤ ਮੰਨਦੇ ਹਨ ਅਤੇ ਨਾ ਹੀ ਅਸਮਾਨ। ਤ੍ਰਾਵਣਕੋਰ ਵਿੱਚ ਵਾਪਰੀ ਘਟਨਾ ਦੱਸਣ ਯੋਗ ਹੈ। ਉਸ ਖੇਤਰ ਦੇ ਅਛੂਤਾਂ, ਜਿਨ੍ਹਾਂ ਨੂੰ ਥੀਆ ਕਿਹਾ ਜਾਂਦਾ ਹੈ, ਨੂੰ ਗਲੀਆਂ ਵਿੱਚ ਚੱਲਣ ਦੀ ਮਨਾਹੀ ਹੈ। ਕੁਝ ਦਿਨ ਪਹਿਲਾਂ ਉਨ੍ਹਾਂ ਵਿੱਚੋਂ ਕੁਝ ਨੇ ਸਿੱਖ ਧਰਮ ਅਪਣਾ ਲਿਆ। ਸੜਕ 'ਤੇ ਉਨ੍ਹਾਂ ਦੀ ਆਵਾਜਾਈ 'ਤੇ ਲੱਗੀ ਪਾਬੰਦੀ ਤੁਰੰਤ ਪ੍ਰਭਾਵ ਨਾਲ ਵਾਪਸ ਲੈ ਲਈ ਗਈ ਸੀ। ਇਹ ਸਭ ਸਾਬਤ ਕਰਦਾ ਹੈ ਕਿ ਜੇਕਰ ਤੁਹਾਨੂੰ ਅਛੂਤ ਅਤੇ ਅਸਮਾਨ ਮੰਨਣ ਦਾ ਕੋਈ ਕਾਰਨ ਹੈ, ਤਾਂ ਇਹ ਹਿੰਦੂ ਧਰਮ ਨਾਲ ਸਬੰਧਤ ਹੋਣਾ ਚਾਹੀਦਾ ਹੈ।

ਇਸ ਅਸਮਾਨਤਾ ਅਤੇ ਬੇਇਨਸਾਫ਼ੀ ਦੀ ਸਥਿਤੀ ਵਿੱਚ ਕੁਝ ਹਿੰਦੂ ਅਛੂਤਾਂ ਨੂੰ ਸ਼ਾਂਤ ਕਰਨਾ ਚਾਹੁੰਦੇ ਹਨ। ਉਹ ਕਹਿੰਦੇ ਹਨ, "ਸਿੱਖਿਅਤ ਬਣੋ, ਸਾਫ਼ ਰਹੋ ਅਤੇ ਫਿਰ ਅਸੀਂ ਤੁਹਾਨੂੰ ਛੂਹਾਂਗੇ ਅਤੇ ਤੁਹਾਨੂੰ ਆਪਣੇ ਬਰਾਬਰ ਸਮਝਾਂਗੇ।" ਦਰਅਸਲ, ਅਸੀਂ ਸਾਰੇ ਤਜਰਬੇ ਤੋਂ ਜਾਣਦੇ ਹਾਂ ਕਿ ਇੱਕ ਪੜ੍ਹੇ-ਲਿਖੇ, ਅਮੀਰ ਅਤੇ ਸਾਫ਼ ਮਹਾਰ ਦੀ ਹਾਲਤ ਇੱਕ ਅਨਪੜ੍ਹ, ਗਰੀਬ ਅਤੇ ਗੰਦੇ ਮਹਾਰ ਨਾਲੋਂ ਬਿਹਤਰ ਨਹੀਂ ਹੈ। ਆਓ ਹੁਣ ਇਸ ਤੱਥ 'ਤੇ ਵਿਚਾਰ ਕਰੀਏ ਕਿ ਜੇਕਰ ਕਿਸੇ ਨੂੰ ਉਸਦੀ ਅਨਪੜ੍ਹਤਾ, ਗਰੀਬੀ ਜਾਂ ਚੰਗੇ ਕੱਪੜਿਆਂ ਦੀ ਘਾਟ ਕਾਰਨ ਸਤਿਕਾਰ ਨਹੀਂ ਦਿੱਤਾ ਜਾਂਦਾ ਹੈ, ਤਾਂ ਇੱਕ ਆਮ ਮਹਾਰ ਨੂੰ ਇਸ ਬਾਰੇ ਕੀ ਕਰਨਾ ਚਾਹੀਦਾ ਹੈ? ਜਦੋਂ ਉਸਨੂੰ ਸਿੱਖਿਆ ਦਾ ਅਧਿਕਾਰ ਨਹੀਂ ਹੈ, ਜਾਇਦਾਦ ਦਾ ਅਧਿਕਾਰ ਨਹੀਂ ਹੈ ਅਤੇ ਚੰਗੇ ਕੱਪੜਿਆਂ ਦਾ ਅਧਿਕਾਰ ਨਹੀਂ ਹੈ ਤਾਂ ਸਮਾਨਤਾ ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ? ਈਸਾਈਅਤ ਅਤੇ ਇਸਲਾਮ ਵਿੱਚ ਸਮਾਨਤਾ ਦੇ ਸਿਧਾਂਤ ਦਾ ਗਿਆਨ, ਦੌਲਤ ਅਤੇ ਪਹਿਰਾਵੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਕਿਉਂਕਿ ਇਹ ਸਾਰੇ ਬਾਹਰੀ ਪਹਿਲੂ ਹਨ। ਇਨ੍ਹਾਂ ਦੋਵਾਂ ਧਰਮਾਂ ਦਾ ਮਨੁੱਖਤਾ ਦੀ ਭਾਵਨਾ 'ਤੇ ਇੱਕ ਨਜ਼ਰੀਆ ਹੈ। ਉਹ ਪ੍ਰਚਾਰ ਕਰਦੇ ਹਨ ਕਿ ਹਰ ਕਿਸੇ ਨੂੰ ਮਨੁੱਖਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਕਿਸੇ ਨੂੰ ਵੀ ਮਨੁੱਖਤਾ ਦਾ ਅਪਮਾਨ ਨਹੀਂ ਕਰਨਾ ਚਾਹੀਦਾ ਅਤੇ ਕਿਸੇ ਨੂੰ ਵੀ ਦੂਜੇ ਨੂੰ ਆਪਣੇ ਬਰਾਬਰ ਨਹੀਂ ਸਮਝਣਾ ਚਾਹੀਦਾ। ਹਿੰਦੂ ਧਰਮ ਵਿੱਚ ਅਜਿਹੇ ਉਪਦੇਸ਼ ਨਹੀਂ ਦੇਖੇ ਜਾਂਦੇ। ਇਸ ਧਰਮ ਦਾ ਕੀ ਫਾਇਦਾ ਹੈ ਜਿੱਥੇ ਮਨੁੱਖ ਦੀ ਮਨੁੱਖੀ ਚੇਤਨਾ ਦਾ ਸਤਿਕਾਰ ਨਹੀਂ ਕੀਤਾ ਜਾਂਦਾ? ਅਤੇ ਇਸ ਨਾਲ ਜੁੜੇ ਰਹਿਣ ਦਾ ਕੀ ਫਾਇਦਾ ਹੈ? ਇਸ ਦੇ ਜਵਾਬ ਵਿੱਚ ਕੁਝ ਹਿੰਦੂ ਉਪਨਿਸ਼ਦਾਂ ਦੀ ਗੱਲ ਕਰਦੇ ਹਨ ਅਤੇ ਮਾਣ ਨਾਲ ਕਹਿੰਦੇ ਹਨ ਕਿ ਉਪਨਿਸ਼ਦਾਂ ਅਨੁਸਾਰ ਪਰਮਾਤਮਾ ਸਰਵ ਵਿਆਪਕ ਹੈ। ਇੱਥੇ ਇਹ ਕਿਹਾ ਜਾ ਸਕਦਾ ਹੈ ਕਿ ਧਰਮ ਅਤੇ ਵਿਗਿਆਨ ਦੋ ਵੱਖ-ਵੱਖ ਚੀਜ਼ਾਂ ਹਨ। ਇੱਥੇ ਇਹ ਸਮਝਣਾ ਜ਼ਰੂਰੀ ਹੈ ਕਿ ਕੀ ਕੋਈ ਖਾਸ ਰਾਏ ਵਿਗਿਆਨ ਦਾ ਨਿਯਮ ਹੈ ਜਾਂ ਧਰਮ ਦੀ ਸਿੱਖਿਆ। 'ਪਰਮਾਤਮਾ ਸਰਵ ਵਿਆਪਕ ਹੈ' ਵਿਗਿਆਨ ਦਾ ਨਿਯਮ ਹੈ ਨਾ ਕਿ ਧਰਮ ਦਾ, ਕਿਉਂਕਿ ਧਰਮ ਸਿੱਧੇ ਤੌਰ 'ਤੇ ਮਨੁੱਖ ਦੇ ਆਚਰਣ ਨਾਲ ਸੰਬੰਧਿਤ ਹੈ। ਪਰਮਾਤਮਾ ਦਾ ਹਰ ਜਗ੍ਹਾ ਮੌਜੂਦ ਹੋਣਾ ਧਾਰਮਿਕ ਸਿੱਖਿਆ ਨਹੀਂ ਹੈ ਬਲਕਿ ਵਿਗਿਆਨ ਦਾ ਨਿਯਮ ਹੈ। ਇਸ ਕਥਨ ਨੂੰ ਇਸ ਤੱਥ ਦੁਆਰਾ ਮਜ਼ਬੂਤੀ ਮਿਲਦੀ ਹੈ ਕਿ ਹਿੰਦੂਆਂ ਦੇ ਕੰਮ ਇਸ ਕਾਨੂੰਨ ਦੇ ਅਨੁਸਾਰ ਨਹੀਂ ਹਨ। ਇਸ ਦੇ ਉਲਟ, ਜੇਕਰ ਹਿੰਦੂ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਪਰਮਾਤਮਾ ਦੀ ਸਰਵ ਵਿਆਪਕਤਾ ਦਰਸ਼ਨ ਦਾ ਨਿਯਮ ਨਹੀਂ ਹੈ ਬਲਕਿ ਧਰਮ ਦਾ ਸਿਧਾਂਤ ਹੈ, ਤਾਂ ਮੇਰਾ ਸਿੱਧਾ ਜਵਾਬ ਇਹ ਹੋਵੇਗਾ ਕਿ ਮੈਂ ਪੂਰੀ ਦੁਨੀਆ ਵਿੱਚ ਕਿਤੇ ਵੀ ਇੰਨੇ ਤੰਗ-ਦਿਮਾਗੀ ਅਤੇ ਮਤਲਬੀ ਲੋਕ ਨਹੀਂ ਦੇਖੇ ਜਿੰਨੇ ਹਿੰਦੂਆਂ ਵਿੱਚ ਹਨ। ਹਿੰਦੂਆਂ ਨੂੰ ਉਨ੍ਹਾਂ ਜ਼ਾਲਮਾਂ ਦੀ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ ਜਿਨ੍ਹਾਂ ਦੇ ਕੰਮ ਅਤੇ ਸ਼ਬਦ ਉੱਤਰੀ ਅਤੇ ਦੱਖਣੀ ਧਰੁਵ ਜਿੰਨੇ ਦੂਰ ਹਨ। ਉਨ੍ਹਾਂ ਦੇ ਮੂੰਹ ਵਿੱਚ ਰਾਮ ਹੈ ਅਤੇ ਉਨ੍ਹਾਂ ਦੀ ਕੱਛ ਵਿੱਚ ਚਾਕੂ ਹੈ। ਉਹ ਸੰਤਾਂ ਵਾਲੇ ਸ਼ਬਦ ਬੋਲਦੇ ਹਨ ਪਰ ਉਨ੍ਹਾਂ ਦੇ ਕੰਮ ਕਸਾਈਆਂ ਵਾਲੇ ਹਨ। ਉਹ ਪਰਮਾਤਮਾ ਨੂੰ ਸਰਵ ਵਿਆਪਕ ਮੰਨਣ ਦਾ ਦਿਖਾਵਾ ਕਰਦੇ ਹਨ ਪਰ ਮਨੁੱਖਾਂ ਨਾਲ ਜਾਨਵਰਾਂ ਨਾਲੋਂ ਵੀ ਮਾੜਾ ਵਿਵਹਾਰ ਕਰਦੇ ਹਨ। ਉਨ੍ਹਾਂ ਨਾਲ ਸੰਗਤ ਨਾ ਰੱਖੋ। ਉਨ੍ਹਾਂ ਨਾਲ ਸੰਗਤ ਨਾ ਕਰੋ ਜੋ ਕੀੜੀਆਂ ਨੂੰ ਖੰਡ ਖੁਆਉਂਦੇ ਹਨ ਪਰ ਉਨ੍ਹਾਂ ਦੇ ਪੀਣ ਵਾਲੇ ਪਾਣੀ 'ਤੇ ਪਾਬੰਦੀ ਲਗਾ ਕੇ ਮਨੁੱਖਾਂ ਨੂੰ ਮਾਰਦੇ ਹਨ। ਤੁਸੀਂ ਕਲਪਨਾ ਵੀ ਨਹੀਂ ਕਰ ਸਕਦੇ ਕਿ ਉਨ੍ਹਾਂ ਦੀ ਸੰਗਤ ਦਾ ਤੁਹਾਡੇ 'ਤੇ ਕੀ ਬੁਰਾ ਪ੍ਰਭਾਵ ਪਿਆ ਹੈ। ਤੁਸੀਂ ਆਪਣਾ ਸਤਿਕਾਰ ਗੁਆ ਦਿੱਤਾ ਹੈ, ਤੁਸੀਂ ਆਪਣਾ ਰੁਤਬਾ ਗੁਆ ਦਿੱਤਾ ਹੈ। ਇਹ ਕਹਿਣਾ ਕਿ ਸਿਰਫ਼ ਹਿੰਦੂ ਹੀ ਤੁਹਾਡਾ ਸਤਿਕਾਰ ਨਹੀਂ ਕਰਦੇ, ਕਾਫ਼ੀ ਨਹੀਂ ਹੈ। ਸਿਰਫ਼ ਹਿੰਦੂ ਹੀ ਨਹੀਂ, ਮੁਸਲਮਾਨ ਅਤੇ ਈਸਾਈ ਵੀ ਤੁਹਾਨੂੰ ਨੀਵਾਂ ਤੋਂ ਨੀਵਾਂ ਮੰਨਦੇ ਹਨ। ਸੱਚਾਈ ਇਹ ਹੈ ਕਿ ਇਸਲਾਮ ਅਤੇ ਈਸਾਈ ਧਰਮ ਦੀਆਂ ਸਿੱਖਿਆਵਾਂ ਉੱਚ ਅਤੇ ਨੀਵਾਂ ਵਿੱਚ ਕੋਈ ਵਿਤਕਰਾ ਨਹੀਂ ਪੈਦਾ ਕਰਦੀਆਂ। ਫਿਰ ਇਨ੍ਹਾਂ ਦੋਵਾਂ ਧਰਮਾਂ ਦੇ ਪੈਰੋਕਾਰ ਤੁਹਾਡੇ ਨਾਲ ਵਿਤਕਰਾ ਕਿਉਂ ਨਹੀਂ ਕਰਦੇ? ਕਾਰਨ ਇਹ ਹੈ ਕਿ ਹਿੰਦੂ ਤੁਹਾਨੂੰ ਨੀਵਾਂ ਸਮਝਦੇ ਹਨ। ਜੇਕਰ ਉਹ ਤੁਹਾਨੂੰ ਸਮਾਨਤਾ ਦਾ ਦਰਜਾ ਦਿੰਦੇ ਹਨ, ਤਾਂ ਉਹ ਡਰਦੇ ਹਨ ਕਿ ਹਿੰਦੂ ਉਨ੍ਹਾਂ ਨੂੰ ਵੀ ਨੀਵਾਂ ਸਮਝਣਗੇ। ਇਸ ਲਈ, ਮੁਸਲਮਾਨ ਅਤੇ ਈਸਾਈ ਦੋਵੇਂ ਹਿੰਦੂਆਂ ਵਾਂਗ ਛੂਤ-ਛਾਤ ਵਿੱਚ ਵਿਸ਼ਵਾਸ ਰੱਖਦੇ ਹਨ। ਇਸ ਤਰ੍ਹਾਂ ਅਸੀਂ ਹਿੰਦੂਆਂ ਦੀਆਂ ਨਜ਼ਰਾਂ ਵਿੱਚ ਹੀ ਨੀਵੇਂ ਨਹੀਂ ਹਾਂ, ਸਗੋਂ ਹਿੰਦੂਆਂ ਦੇ ਸਾਡੇ ਨਾਲ ਵਿਵਹਾਰ ਕਰਨ ਦੇ ਤਰੀਕੇ ਕਾਰਨ ਸਾਨੂੰ ਪੂਰੇ ਭਾਰਤ ਵਿੱਚ ਸਭ ਤੋਂ ਨੀਵਾਂ ਵੀ ਮੰਨਿਆ ਜਾਂਦਾ ਹੈ। ਜੇ ਤੁਸੀਂ ਇਸ ਸ਼ਰਮਨਾਕ ਸਥਿਤੀ ਤੋਂ ਮੁਕਤ ਹੋਣਾ ਚਾਹੁੰਦੇ ਹੋ, ਜੇ ਤੁਸੀਂ ਆਪਣੇ ਉੱਤੇ ਲੱਗੇ ਦਾਗ਼ ਨੂੰ ਮਿਟਾਉਣਾ ਚਾਹੁੰਦੇ ਹੋ ਅਤੇ ਇਸ ਕੀਮਤੀ ਜੀਵਨ ਨੂੰ ਸ਼ਿੰਗਾਰਨ ਚਾਹੁੰਦੇ ਹੋ, ਤਾਂ ਅਜਿਹਾ ਕਰਨ ਦਾ ਇੱਕੋ ਇੱਕ ਤਰੀਕਾ ਹੈ: ਹਿੰਦੂ ਧਰਮ ਅਤੇ ਹਿੰਦੂ ਸਮਾਜ ਨੂੰ ਵਿਅਰਥ ਸਮਝ ਕੇ ਤਿਆਗ ਦਿਓ।

"ਇਕੁਐਲਿਟੀ ਐਂਡ ਜਸਟਿਸ" Rs- 100/month
"Equality and Justice" स्वतंत्रता, समानता, भाईचारा

## ਦੱਬੇ-ਕੁਚਲੇ ਵਰਗਾਂ ਵਿੱਚੋਂ ਕੋਈ ਵੀ ਉਹ ਮੰਤਰੀ ਨਹੀਂ ਹੈ

31 ਜੁਲਾਈ, 1937 ਨੂੰ, ਡਾ. ਬੀ. ਆਰ. ਅੰਬੇਡਕਰ ਇੱਕ ਕਾਰੋਬਾਰੀ ਦੌਰੇ 'ਤੇ ਧੂਲੀਆ ਗਏ ਸਨ। ਚਾਲੀਸਗਾਓਂ ਸਟੇਸ਼ਨ 'ਤੇ ਦਲਿਤ ਵਰਗਾਂ ਵੱਲੋਂ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਸਵੇਰੇ 8 ਵਜੇ ਧੂਲੀਆ ਪਹੁੰਚਣ 'ਤੇ, ਉਨ੍ਹਾਂ ਦਾ ਸਵਾਗਤ ਜ਼ੋਰਦਾਰ ਤਾੜੀਆਂ ਅਤੇ ਇੱਕ ਨਵੇਂ ਨਾਅਰੇ ਨਾਲ ਕੀਤਾ ਗਿਆ - "ਅੰਬੇਡਕਰ ਕੌਣ ਹੈ?" "ਅੰਬੇਡਕਰ ਸਾਡਾ ਰਾਜਾ ਹੈ!" ਉਨ੍ਹਾਂ ਦਾ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ। ਇਸ ਤੋਂ ਬਾਅਦ ਡਾ. ਅੰਬੇਡਕਰ ਨੂੰ ਇੱਕ ਜਲੂਸ ਵਿੱਚ ਯਾਤਰੀ ਬੰਗਲੇ ਲਿਜਾਇਆ ਗਿਆ। ਅਦਾਲਤ ਦਾ ਕੰਮ ਖਤਮ ਹੋਣ ਤੋਂ ਬਾਅਦ ਦੁਪਹਿਰ ਨੂੰ ਹਰੀਜਨ ਸੇਵਕ ਸੰਘ ਦੇ ਬਾਰਬੇ ਦੁਆਰਾ ਉਨ੍ਹਾਂ ਨੂੰ ਚਾਹ ਪਾਰਟੀ ਦਿੱਤੀ ਗਈ।

ਸ਼ਾਮ ਨੂੰ ਡਾ. ਅੰਬੇਡਕਰ ਨੇ ਵਿਜੇਆਨੰਦ ਥੀਏਟਰ ਵਿੱਚ ਇੱਕ ਮੀਟਿੰਗ ਨੂੰ ਸੰਬੋਧਨ ਕੀਤਾ।

ਆਪਣੇ ਭਾਸ਼ਣ ਵਿੱਚ ਉਨ੍ਹਾਂ ਨੇ ਕਿਹਾ ਕਿ ਯਾਦ ਰੱਖਣ ਵਾਲੀ ਮੁੱਖ ਗੱਲ ਇਹ ਹੈ ਕਿ ਬ੍ਰਿਟਿਸ਼ ਸ਼ਾਸਕ ਜੋ ਅਛੂਤਾਂ ਪ੍ਰਤੀ ਉਦਾਸੀਨ ਸਨ, ਹੁਣ ਉਨ੍ਹਾਂ ਦੀ ਥਾਂ ਉਨ੍ਹਾਂ ਨੇਤਾਵਾਂ ਨੇ ਲੈ ਲਈ ਹੈ ਜੋ ਦਲਿਤ ਵਰਗਾਂ ਦਾ ਸਮਾਜਿਕ ਦਮਨ ਕਰਨ ਵਾਲੀ ਪਾਰਟੀ ਨਾਲ ਸਬੰਧਤ ਹਨ। ਉਨ੍ਹਾਂ ਅੱਗੇ ਕਿਹਾ ਕਿ ਉਹ ਉਹ ਦਿਨ ਸਨ ਜਦੋਂ ਸੰਘ ਅਛੂਤਾਂ ਦੇ ਦ੍ਰਿਸ਼ਟੀਕੋਣ ਤੋਂ ਸੰਗਠਿਤ ਅਤੇ ਸਾਵਧਾਨ ਸੀ। ਉਨ੍ਹਾਂ ਅੱਗੇ ਦੱਸਿਆ ਕਿ ਕਾਂਗਰਸ ਦੁਆਰਾ ਬਣਾਏ ਗਏ ਮੰਤਰੀਆਂ ਰਾਹੀਂ ਭਾਰਤ ਵਿੱਚ ਬ੍ਰਾਹਮਣਵਾਦ ਕਿਵੇਂ ਵਧ-ਫੁੱਲ ਰਿਹਾ ਹੈ। ਉਨ੍ਹਾਂ ਟਿੱਪਣੀ ਕੀਤੀ ਕਿ ਕਾਂਗਰਸ ਦੇ ਸਾਰੇ ਮੰਤਰੀ ਬ੍ਰਾਹਮਣਾਂ ਦੇ ਹੱਥਾਂ ਵਿੱਚ ਹਨ ਅਤੇ ਕੋਈ ਵੀ ਮੰਤਰੀ ਦਲਿਤ ਵਰਗ ਦਾ ਨਹੀਂ ਹੈ।

# ਜਗਰਾਉਂ ਵੇਅਰਹਾਉਸ ਮਾਮਲਾ: ਚੌਲਾਂ ਦੀਆਂ ਬੋਰੀਆਂ ਗਿੱਲੀਆਂ ਕਰਨਾ...

## 'ਮੁਰੰਮਤ' ਦੱਸ ਕੇ ਰਿਪੋਰਟ ਤਿਆਰ, ਅਧਿਕਾਰੀਆਂ ਦੀ ਜਲਦਬਾਜ਼ੀ 'ਤੇ ਉਠੇ ਸਵਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 10 ਦਸੰਬਰ
INTERNATIONAL PAPER, 94636 01616
hardipchumber57@gmail.com

ਜਗਰਾਉਂ ਨੇੜਲੇ ਸਰਕਾਰੀ ਵੇਅਰਹਾਉਸ ਵਿੱਚ ਚੌਲਾਂ ਦੀਆਂ ਬੋਰੀਆਂ 'ਤੇ ਜਾਣ-ਬੁੱਝ ਕੇ ਪਾਣੀ ਪਾਉਣ ਦੇ ਮਾਮਲੇ ਵਿੱਚ ਹੁਣ ਨਵਾਂ ਮੋੜ ਆ ਗਿਆ ਹੈ।

ਹੈਰਾਨੀ ਦੀ ਗੱਲ ਇਹ ਹੈ ਕਿ ਵਾਇਰਲ ਵੀਡੀਓ ਸਾਹਮਣੇ ਆਉਣ ਤੋਂ ਸਿਰਫ਼ ਇੱਕ ਦਿਨ ਵਿੱਚ ਹੀ ਚਾਰ ਮੈਂਬਰੀ ਜਾਂਚ ਕਮੇਟੀ ਤਿਆਰ ਹੋਈ, ਜਾਂਚ ਵੀ ਮੁਕੰਮਲ ਹੋ ਗਈ ਅਤੇ ਅਧਿਕਾਰੀਆਂ ਵੱਲੋਂ "ਕੋਈ ਗੜਬੜ ਨਹੀਂ ਹੋਈ" ਦੀ ਕਲੀਨ ਚਿੱਟ ਵੀ ਜਾਰੀ ਕਰ ਦਿੱਤੀ ਗਈ। ਇਸ ਤਰ੍ਹਾਂ ਦੀ ਤੁਰੰਤ ਜਾਂਚ ਤੇ ਫੈਸਲਾ ਕਈ ਸਵਾਲ ਖੜ੍ਹੇ ਕਰ ਰਿਹਾ ਹੈ ਕਿ ਆਖਰ ਅਜਿਹੀ ਜਲਦਬਾਜ਼ੀ ਕਿਸ ਮਜਬੂਰੀ ਵਿੱਚ ਹੋਈ? ਕੀ ਸੱਚਾਈ ਨੂੰ ਓਹਲੇ ਪਾਉਣ ਦੀ ਕੋਸ਼ਿਸ਼ ਤਾਂ ਨਹੀਂ ਹੋ ਰਹੀ?

ਪਿਛਲੇ ਮਾਮਲੇ 'ਚ ਵੱਡੀ ਕਾਰਵਾਈ, ਇੱਥੇ ਕਲੀਨ ਚਿੱਟ!

ਇਹ ਵੀ ਯਾਦ ਰਹੇ ਕਿ ਕੁਝ ਮਹੀਨੇ ਪਹਿਲਾਂ ਜ਼ਿਲ੍ਹੇ ਦੇ ਇੱਕ ਹੋਰ ਵੇਅਰਹਾ ਉਸ ਵਿੱਚ ਇਸੇ ਤਰ੍ਹਾਂ ਦੇ ਮਾਮਲੇ ਵਿੱਚ ਕਈ ਅਧਿਕਾਰੀਆਂ ਤੇ ਵਿਭਾਗੀ ਕਾਰਵਾਈ ਕੀਤੀ ਗਈ ਸੀ। ਉਸ ਵੇਲੇ ਜਾਂਚ ਹਫ਼ਤਿਆਂ ਤੱਕ ਚਲੀ ਸੀ ਅਤੇ ਦਸਤਾਵੇਜ਼ੀ ਪ੍ਰਮਾਣਾਂ 'ਤੇ ਫੈਸਲਾ ਲਿਆ ਗਿਆ ਸੀ। ਫਿਰ ਹੁਣ ਇਹ ਜਲਦ ਨਿਪਟਾਰਾ ਕਿਹੜੇ ਦਬਾਅ ਜਾਂ ਰੁਚੀ ਤਹਿਤ ਕੀਤਾ ਗਿਆ?

ਜਲਦਬਾਜ਼ੀ ਜਾਂ ਜਵਾਬਦੇਹੀ ਤੋਂ ਬਚਣ ਦੀ ਕੋਸ਼ਿਸ਼

ਜ਼ਿਲ੍ਹਾ ਮੈਨੇਜਰ ਸੁਖਵਿੰਦਰ ਸਿੰਘ ਦਾ ਕਹਿਣਾ ਹੈ ਸੀ ਕਿ ਇਸ ਮਾਮਲੇ ਵਿੱਚ ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ ਜਦਕਿ ਚਾਰ ਮੈਂਬਰੀ ਕਮੇਟੀ ਵੱਲੋਂ ਰਿਪੋਰਟ ਤਿਆਰ ਕਰਨ ਦਾ ਤਰੀਕਾ ਹੀ ਲੋਕਾਂ ਵੱਲੋਂ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ। ਜਨਤਾ ਦੀ ਮੰਗ ਹੈ ਕਿ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਹੋਵੇ ਤਾਂ ਜੋ ਪਤਾ ਲੱਗ ਸਕੇ ਕਿ ਚੌਲਾਂ ਦਾ ਵਜ਼ਨ ਵਧਾਉਣ ਦੀ ਖੇਡ ਪਿੱਛੇ ਕੋਈ ਸਿਸਟਮੈਟਿਕ ਗੜਬੜ ਤਾਂ ਨਹੀਂ।

# ਦੇਸ਼ ਦੇ ਸੰਵਿਧਾਨ ਨੂੰ ਬਚਾਉਣਾ, ਸਮੇਂ ਦੀ ਅਹਿਮ ਲੋੜ ਹੈ : ਢੋਸੀਵਾਲ

## -- ਗੁਰੂ ਰਵਿਦਾਸ ਸੁਸਾਇਟੀ ਨੇ ਪ੍ਰੀ-ਨਿਰਵਾਣ ਦਿਵਸ ਮਨਾਇਆ - -

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 10 ਦਸੰਬਰ INTERNATIONAL PAPER, 94636 01616 hardipchumber57@gmail.com




ਫਰੀਦਕੋਟ, 09 ਦਸੰਬਰ ( ) “ਅੱਜ ਕੱਲ ਦੇਸ਼ ਦੇ ਸੰਵਿਧਾਨ ਦੇ ਮੌਲਿਕ ਢਾਂਚੇ ਵਿੱਚ ਸੋਧਾਂ ਕਰਨ ਦੇ ਬਹਾਨੇ ਨਾਲ, ਇਸ ਦੀ ਮੂਲ ਭਾਵਨਾ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹ ਕੋਸ਼ਿਸ਼ਾਂ ਦੇਸ਼ ਦੇ ਭਵਿੱਖ ਲਈ ਗੰਭੀਰ ਖਤਰਾ ਹਨ। ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਅਤੇ ਸਹੀ ਢੰਗ ਨਾਲ ਲਾਗੂ ਕਰਵਾਉਣਾ ਅਜੋਕੇ ਸਮੇਂ ਦੀ ਸਭ ਤੋਂ ਅਹਿਮ ਲੋੜ ਹੈ।” ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਅੱਜ ਸਥਾਨਕ ਬਲਬੀਰ ਬਸਤੀ ਸਥਿਤ ਸ੍ਰੀ ਗੁਰੂ ਰਵਿਦਾਸ ਮੰਦਰ ਵਿਖੇ ਡਾ. ਅੰਬੇਡਕਰ ਪ੍ਰੀ-ਨਿਰਵਾਣ ਦਿਵਸ ਸਬੰਧੀ ਆਯੋਜਿਤ ਵਿਸ਼ੇਸ਼ ਮੀਟਿੰਗ ਦੌਰਾਨ ਉਚੇਚੇ ਤੌਰ ’ਤੇ ਪਹੁੰਚੇ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਨੇ ਆਪਣੇ ਸੰਬੋਧਨ ਵਿੱਚ ਕੀਤਾ। ਢੋਸੀਵਾਲ ਨੇ ਅੱਗੇ ਕਿਹਾ ਕਿ ਡਾ. ਅੰਬੇਡਕਰ ਦੀਆਂ ਲਿਖਤਾਂ ਨੂੰ ਪੜ੍ਹ ਕੇ ਉਨ੍ਹਾਂ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਨਾ ਸਾਡਾ ਸਭਨਾਂ ਦੀ ਜ਼ਿੰਮੇਵਾਰੀ ਬਣਦੀ ਹੈ। ਸਥਾਨਕ ਸ੍ਰੀ ਗੁਰੂ ਰਵਿਦਾਸ ਸੁਸਾਇਟੀ (ਰਜਿ.) ਵੱਲੋਂ ਕਰਵਾਈ ਗਈ ਇਸ ਮੀਟਿੰਗ ਦੀ ਪ੍ਰਧਾਨਗੀ ਸੰਸਥਾ ਦੇ ਪ੍ਰਧਾਨ ਮਨਜੀਤ ਖਿੱਚੀ ਨੇ ਕੀਤੀ। ਸੰਸਥਾ ਦੇ ਚੇਅਰਮੈਨ ਜਗਦੀਸ਼ ਭਾਰਤੀ ਸਮੇਤ ਹੀਰਾਵਤੀ ਨਾਇਬ ਤਹਿਸੀਲਦਾਰ (ਰ), ਸ਼ਾਂਤੀ ਦੇਵੀ ਡੀ.ਸੀ. ਦਫਤਰ ਸੁਪਰਡੈਂਟ ਗ੍ਰੇਡ-1 (ਰ) ਸਮੇਤ ਪ੍ਰਿੰ. ਕ੍ਰਿਸ਼ਨ ਲਾਲ, ਅਮਰ ਸਿੰਘ ਮਹਿੰਮੀ, ਮਲਕੀਤ ਸਿੰਘ ਮੰਮਨ, ਗੋਬਿੰਦ ਕੁਮਾਰ, ਸ੍ਰੀ ਕ੍ਰਿਸ਼ਨ ਆਰ ਏ, ਸ਼ਿਵ ਨਾਥ ਦਰਦੀ, ਬਲਕਾਰ ਸਹੋਤਾ,ਪ੍ਰੇਮ ਕੁਮਾਰ,ਹਰੀ ਚੰਦ, ਕਮਲ ਪੇਂਟਰ, ਰਣਜੀਤ ਸਿੰਘ ਅਤੇ ਹਰਬੰਸ ਲਾਲ ਸਮੇਤ ਕਈ ਹੋਰ ਵਿਅਕਤੀ ਮੌਜੂਦ ਸਨ। ਆਪਣੇ ਸੰਬੋਧਨ ਦੌਰਾਨ ਸ੍ਰੀ ਭਾਰਤੀ ਨੇ ਕਿਹਾ ਕਿ ਜੇ ਅਸੀਂ ਅਜੋਕੇ ਸਮੇਂ ਵਿੱਚ ਡਾ. ਅੰਬੇਡਕਰ ਵੱਲੋਂ ਦਿਖਾਏ ਰਸਤੇ ਤੋਂ ਭਟਕ ਗਏ ਤਾਂ ਸਾਨੂੰ ਇਸਦੇ ਮਾੜੇ ਨਤੀਜੇ ਭੁਗਤਣੇ ਪੈਣਗੇ। ਆਪਣੇ ਸੰਬੋਧਨ ਦੌਰਾਨ ਹੀਰਾਵਤੀ ਅਤੇ ਸ਼ਾਂਤੀ ਦੇਵੀ ਨੇ ਔਰਤਾਂ ਨੂੰ ਬਰਾਬਰੀ, ਵੋਟ ਦਾ ਅਧਿਕਾਰ ਅਤੇ ਪ੍ਰਸੂਤਾ ਛੁੱਟੀ ਲਾਗੂ ਕਰਵਾਉਣ ਲਈ ਡਾ. ਅੰਬੇਡਕਰ ਨੂੰ ਔਰਤਾਂ ਦਾ ਮਸੀਹਾ ਕਰਾਰ ਦਿੱਤਾ। ਉਕਤ ਜਾਣਕਾਰੀ ਦਿੰਦੇ ਹੋਏ ਸ੍ਰੀ ਢੋਸੀਵਾਲ ਨੇ ਦੱਸਿਆ ਹੈ ਕਿ ਪ੍ਰੀ-ਨਿਰਵਾਣ ਦਿਵਸ ਮੌਕੇ ਸਭਨਾਂ ਬੁਲਾਰਿਆਂ ਨੇ ਕਿਹਾ ਹੈ ਕਿ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਦੁਨੀਆ ਦੇ ਸਭ ਤੋਂ ਵੱਡੇ ਸੰਵਿਧਾਨ ਨੂੰ ਲਿਖ ਕੇ ਜੋ ਮਹਾਨ ਦੇਣ ਦਿੱਤੀ ਹੈ, ਹਰੇਕ ਭਾਰਤ ਵਾਸੀ ਨੂੰ ਉਸ ਉਪਰ ਮਾਣ ਹੈ। ਮੀਟਿੰਗ ਦੌਰਾਨ ਮੌਜੂਦ ਸਭ ਮੈਂਬਰਾਂ ਨੇ ਡਾ. ਅੰਬੇਡਕਰ ਦੇ ਚਿੱਤਰ ਨੂੰ ਫੁੱਲਾਂ ਦਾ ਹਾਰ ਪਾਇਆ ਤੇ ਉਨ੍ਹਾਂ ਦੇ ਚਰਨਾਂ ਵਿੱਚ ਫੁੱਲ ਭੇਂਟ ਕਰਕੇ ਨਮਨ ਕੀਤਾ। ਮੀਟਿੰਗ ਦੇ ਅੰਤ ਵਿੱਚ ਸੁਸਾਇਟੀ ਪ੍ਰਧਾਨ ਸ੍ਰੀ ਖਿੱਚੀ ਨੇ ਮੌਜੂਦ ਸਭ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਸਭਨਾਂ ਨੂੰ ਡਾ. ਅੰਬੇਡਕਰ ਵੱਲੋਂ ਦਿਖਲਾਏ ਰਸਤੇ ’ਤੇ ਚੱਲਣ ਦੀ ਅਪੀਲ ਕੀਤੀ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵੱਖ-ਵੱਖ ਸਰਕਾਰੀ ਸਕੂਲਾਂ ‘ਚ ਨਸ਼ਿਆਂ ਖ਼ਿਲਾਫ਼ ਜਾਗਰੂਕਤਾ ਪ੍ਰੋਗਰਾਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 10 ਦਸੰਬਰ INTERNATIONAL PAPER, 94636 01616 hardipchumber57@gmail.com




ਹੁ ਸ਼ਿ ਆ ਰ ਪੁ ਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਹੁਸ਼ਿਆਰਪੁਰ ਵੱਲੋਂ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ.ਏ.ਐਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਤੇ ਸੈਸ਼ਨ ਜੱਜ, ਹੁਸ਼ਿਆਰਪੁਰ ਰਜਿੰਦਰ ਅਗਰਵਾਲ ਦੇ ਹੁਕਮਾ ਦੀ ਪਾਲਣਾ ਕਰਦੇ ਹੋਏ ਸਕੱਤਰ, ਜ਼ਿਲ੍ਹਾਂ ਕਾਨੂੰਨੀ ਸੇਵਾਵਾ ਅਥਾਰਟੀ, ਹੁਸ਼ਿਆਰਪੁਰ ਨੀਰਜ ਗੋਇਲ ਵੱਲੋਂ ਨੌਜਵਾਨਾਂ ਨੂੰ ਨਸ਼ੇ ਦੇ ਸੇਵਨ ਨਾ ਕਰਨ ਸੰਬੰਧੀ ਜਾਗਰੁਕ ਕਰਨ ਦੇ ਮਨੋਰਥ ਨਾਲ ਨਸ਼ਾ ਛਡਾਊ ਕੇਂਦਰ,ਸਿਵਲ ਹਸਪਤਾਲ, ਹੁਸ਼ਿਆਰਪੁਰ ਅਤੇ ਵੱਖ-ਵੱਖ ਪਿੰਡਾ ਦੇ ਸਰਕਾਰੀ ਸਕੂਲਾਂ ਵਿੱਚ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਸਰਿਤਾ ਕਨਵਰ ਰੀਟੇਨਰ ਐਡਵੋਕੇਟ, ਜ਼ਸਪਿੰਦਰ ਸਿੰਘ ਪੈਨਲ ਐਡਵੋਕੇਟ, ਰਜਿੰਦਰ ਸਿੰਘ ਪੈਨਲ ਐਡਵੋਕੇਟ, ਪੰਕਜ ਚੌਧਰੀ ਐਡਵੋਕੇਟ/ਸਕੱਤਰ ਬਾਰ, ਸ਼੍ਨਮਰਤਾ ਮਿਨਹਾਸ, ਸੰਜੀਵ ਜੱਸਲ ਐਡਵੋਕੇਟ/ ਵਾਈਸ ਪ੍ਰੈਸੀਡੈਂਟ, ਬ੍ਰਿਜ ਬਾਲਾ ਪੈਨਲ ਐਡਵੋਕੇਟ, ਵਿੰਸੀ ਮਲਿਕ ਪੈਨਲ ਐਡਵੋਕੇਟ, ਵਿਸ਼ਾਲ ਕੁਮਾਰ, ਚੀਫ ਲੀਗਲ ਏਡ ਡਿਫੈਂਸ ਕੌਂਸਲ ਅਤੇ ਸੰਦੀਪ ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਲ ਹੁਸ਼ਿਆਰਪੁਰ ਅਤੇ ਮਨਵੀਰ ਸਿੰਘ ਪੈਨਲ ਐਡਵੋਕੇਟ ਵੱਲੋਂ ਜਾਗਰੂਕਤਾ ਸੈਮੀਨਾਰਾਂ ਦੀ ਪ੍ਰਧਾਨਗੀ ਕੀਤੀ ਗਈ। ਸੈਮੀਨਾਰਾਂ ਦੌਰਾਨ ਨੌਜਵਾਨਾਂ ਅਤੇ ਭਾਈਚਾਰੇ ਨੂੰ ਇਸ ਮੁਹਿੰਮ ਬਾਰੇ ਦੱਸਦੇ ਹੋਏ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਮੰਤਵ ਨੌਜਵਾਨ ਪੀੜ੍ਹੀ ਨੂੰ ਭਵਿੱਖ ਵਿਚ ਨਸ਼ਾ ਤਿਆਗ ਕੇ, ਚੰਗੇ ਕੰਮ ਕਰਨ ਲਈ ਪ੍ਰੇਰਿਤ ਕਰਨਾ ਹੈ ਤਾ ਜ਼ੋ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕੇ। ਉਨ੍ਹਾਂ ਨੇ ਇਹ ਵੀ ਦਸਿਆ ਕਿ ਨਸ਼ੇ ਦੇ ਸੇਵਨ ਨਾਲ ਮਨੁੱਖੀ ਜੀਵਨ ਬਰਬਾਦ ਹੋ ਜਾਂਦਾ ਹੈ ਅਤੇ ਘਰ ਵਿੱਚ ਅਸ਼ਾਂਤੀ ਪੈਦਾ ਹੁੰਦੀ ਹੈ।

# ਬਸਪਾ ਵਰਕਰ ਅਤੇ ਅਹੁਦੇਦਾਰ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਲਈ ਡਟ ਕੇ ਚੋਣ ਮਹਿਮ ਚਲਾਉਣ - ਕਰੀਮਪੁਰੀ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 10 ਦਸੰਬਰ INTERNATIONAL PAPER, 94636 01616 hardipchumber57@gmail.com



ਆਦਮਪੁਰ( ਚਰਨਜੀਤ ਸੱਲ੍ਹਾਂ )ਵਿਧਾਨ ਸਭਾ ਹਲਕਾ ਆਦਮਪੁਰ ਬਸਪਾ ਦੇ ਜਿਲਾ ਪਰਿਸ਼ਦ ਦੇ ਉਮੀਦਵਾਰਾਂ ਅਤੇ ਬਲਾਕ ਸੰਮਤੀ ਦੇ ਉਮੀਦਵਾਰਾਂ ਦੀ ਮੀਟਿੰਗ ਕੀਤੀ ਗਈ ਚੋਣ ਮੁਹਿੰਮ ਨੂੰ ਤੇਜ਼ ਕਰਨ ਲਈ ਪਾਰਟੀ ਲੀਡਰਸ਼ਿਪ ਦੀ ਡਿਊਟੀਆਂ ਲਗਾਈਆਂ ਗਈਆਂ ਇਸ ਮੌਕੇ ਤੇ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਸੰਬੋਧਿਤ ਕਰਦੇ ਹੋਏ ਕਿਹਾ ਕਿ ਆਪਣੀ ਪਾਰਟੀ ਦੀ ਗੱਲ ਨੂੰ ਹਰੇਕ ਵੋਟਰ ਤੱਕ ਪਹੁੰਚ ਦੀ ਕੀਤੀ ਜਾਵੇ ਜਿਸ ਟਾਈਮ ਤੁਹਾਡੇ ਨਾਲ ਬੇਇਨਸਾਫ਼ੀ ਹੁੰਦੀ ਹੈ ਉਸ ਵੇਲੇ ਕੋਈ ਕਾਂਗਰਸੀ, ਕੋਈ ਭਾਜਪਾ ਵਾਲਾ, ਕੋਈ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਦਾ ਵਰਕਰ ਤੋਂ ਲੈਕੇ ਮੁੱਖ ਮੰਤਰੀ ਸਾਹਿਬ ਤੁਹਾਡੀ ਬਾਂਹ ਨਹੀਂ ਫੜ੍ਹਦਾ ਇਨ੍ਹਾਂ ਪਾਰਟੀਆਂ ਤੋਂ ਬੱਚੋਂ ਇਹ ਮੌਕਾ ਮਿਲਿਆ ਹੈ ਤੁਹਾਨੂੰ ਆਪਣੀ ਤਾਕਤ ਦਿਖਾਉਣ ਦਾ ਅਤੇ ਮਨੁੱਖਤਾ ਦਾ ਭਲਾ ਕਰਨ ਦਾ ,ਇਸ ਮੌਕੇ ਪਾਰਟੀ ਦੇ ਸਟੇਟ ਜਨਰਲ ਸੈਕਟਰੀ ਐਡਵੋਕੇਟ ਬਲਵਿੰਦਰ ਕੁਮਾਰ,ਸਟੇਟ ਦੇ ਸੈਕਟਰੀ ਇੰਜੀਨੀਅਰ ਜਸਵੰਤ ਰਾਏ, ਜਿਲਾ ਕੋਆਰਡੀਨੇਟਰ ਸਰਦਾਰ ਬਲਦੇਵ ਸਿੰਘ ਇੰਚਾਰਜ ਵਿਧਾਨ ਸਭਾ ਹਲਕਾ ਆਦਮਪਰ,ਸ਼੍ਰੀ ਮਦਨ ਲਾਲ ਮਦੀ ਇੰਚਾਰਜ ਆਦਮਪਰ, ਤੇ ਬਿੱਲਾ ਜੀ ਪ੍ਰਧਾਨ ਵਿਧਾਨ ਸਭਾ ਆਦਮਪਰ ਤੋਂ ਇਲਾਵਾ ਹੋਰ ਲੀਡਰਸ਼ਿਪ ਬੀ ਹਾਜ਼ਰ ਸੀ, ਇਸ ਮੌਕੇ ਤੇ ਸ਼੍ਰੀਮਤੀ ਹਰਜਿੰਦਰ ਕੌਰ ਕਰੀਮਪੁਰੀ ਨੇ ਵੀ ਉਮੀਦਵਾਰਾਂ ਨੂੰ ਆਪਣਾ ਆਸ਼ੀਰਵਾਦ ਦਿੱਤਾ, ਉਮੀਦਵਾਰਾਂ ਤੋਂ ਇਲਾਵਾ ਪੰਚ ਸਰਪੰਚ ਤੇ ਹੋਰ ਇਲਾਕੇ ਦੇ ਬੀਐਸਪੀ ਦੇ ਜਿੰਮੇਵਾਰ ਲੀਡਰਸ਼ਿਪ ਤੇ ਵਰਕਰ ਹਾਜ਼ਰ ਸਨ

# ਜਿਲਾ ਪ੍ਰੀਸ਼ਦ ਪਟਿਆਲਾ ਜੋਨ ਨਨਹੇੜਾ ਤੋਂ ਬਸਪਾ ਉਮੀਦਵਾਰ ਗੁਰਦਾਸ ਸਿੰਘ ਘੜਾਮਾ ਵਲੋਂ ਪ੍ਰਚਾਰ ਤੇਜ਼

## ਵੱਡੀ ਪੱਧਰ ਤੇ ਮਿਲ ਰਿਹਾ ਨੌਜਵਾਨਾਂ ਦਾ ਸਮਰਥਨ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 10 ਦਸੰਬਰ INTERNATIONAL PAPER, 94636 01616 hardipchumber57@gmail.com




ਪਟਿਆਲਾ ਜਗਤਾਰ ਸਿੰਘ ਭੱਟੀ ---14 ਦਸੰਬਰ ਨੂੰ ਜ਼ਿਲਾ ਪ੍ਰੀਸ਼ਦ ਦੀ ਹੋਣ ਵਾਲੀ ਚੋਣ ਵਿਚ ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਦੇ ਜੋਨ ਨਨਹੇੜਾ ਤੋਂ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਸ੍ਰ. ਗੁਰਦਾਸ ਸਿੰਘ ਫੌਜੀ ਘੜਾਮਾ ਦੇ ਹੱਕ ਵਿੱਚ ਹਲਕਾ ਘਨੌਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਤੇਪਲਾ ਤੇ ਐਡਵੋਕੇਟ ਜਸਪਾਲ ਸਿੰਘ ਕਾਮੀ ਹਲਕਾ ਘਨੌਰ ਇੰਚਾਰਜ ਦੀ ਅਗਵਾਈ ਹੇਠ ਜੋਨ ਨਨਹੇੜਾ ਦੇ ਪਿੰਡਾਂ ਨਨਹੇੜਾ,ਬਾਸਮਾ ਨੰਦਗੜ੍ਹ,ਖੇੜੀ ਗੁਰਨਾ, ਘੜਾਮਾ ਕਲਾਂ ਆਦਿ ਪਿੰਡਾਂ ਵਿਚ ਲੋਕਾਂ ਨਾਲ ਨੁੱਕੜ ਮੀਟਿੰਗਾਂ ਕਰਕੇ ਘਰ ਘਰ ਪਹੁੰਚ ਕੇ ਪ੍ਰਚਾਰ ਕਰਦੇ ਹੋਏ ਬਸਪਾ ਦੀਆਂ ਨੀਤੀਆਂ ਤੋਂ ਜਾਣੂ ਕਰਵਾਇਆ ਜਾ ਰਿਹਾ ਹੈ ਅਤੇ ਪਿਛਲੇ ਸਮੇਂ ਦੌਰਾਨ ਅਕਾਲੀ ਭਾਜਪਾ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਕੀਤੇ ਧੱਕੇ ਸ਼ਾਹੀ ਅਤੇ ਵਧੀਕੀਆਂ ਬਾਰੇ ਦੱਸਿਆ ਜਾ ਰਿਹਾ ਹੈ। ਉਨ੍ਹਾਂ ਦੀ ਤਰਜ਼ ਤੇ ਹੀ ਆਮ ਆਦਮੀ ਦੀ ਕਹਾਉਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੀ ਦੂਜੀਆਂ ਪਾਰਟੀਆਂ ਅਕਾਲੀ ਦਲ, ਭਾਜਪਾ ਤੇ ਕਾਂਗਰਸ ਵਾਲਾ ਹੀ ਕੰਮ ਕੀਤਾ ਜਾ ਰਿਹਾ ਹੈ। ਉਮੀਦਵਾਰ ਗੁਰਦਾਸ ਸਿੰਘ ਫੌਜੀ ਨੇ ਕਿਹਾ ਕਿ ਜਿਸ ਤਰ੍ਹਾਂ ਮੈਂ ਫੌਜ ਵਿੱਚ ਰਹਿੰਦੇ ਹੋਏ ਦੇਸ਼ ਦੀ ਸੇਵਾ ਕੀਤੀ ਹੈ ਉਸ ਤਰ੍ਹਾਂ ਹੀ ਬਸਪਾ ਦੇ ਚੋਣ ਨਿਸ਼ਾਨ ਹਾਥੀ ਵਾਲੇ ਨਿਸ਼ਾਨ ਤੇ ਮੋਹਰਾਂ ਲਾ ਕੇ ਮੈਂ ਇਲਾਕੇ ਦੀ ਸੇਵਾ ਕਰਨ ਦਾ ਮੌਕਾ ਦਿਓ ਮੈਂ ਤੁਹਾਡੇ ਨਾਲ ਹਰ ਦੁਖ ਸੁਖ ਵਿਚ ਸ਼ਾਮਿਲ ਹੋਵਾਂਗਾ। ਪੰਜਾਬ ਦਾ ਭਲਾ ਸਿਰਫ਼ ਤੁਹਾਡੀ ਪਾਰਟੀ ਬਸਪਾ ਹੀ ਕਰ ਸਕਦੀ ਹੈ। ਇਸ ਮੌਕੇ ਸੁਖਵਿੰਦਰ ਸਿੰਘ ਤੇਪਲਾ ਪ੍ਰਧਾਨ ਹਲਕਾ ਘਨੌਰ, ਗੁਰਜੰਟ ਸਿੰਘ ਬਾਸਮਾ, ਸੁੱਖਾ ਘੜਾਮਾ, ਗੁਰਪ੍ਰੀਤ ਸਿੰਘ ਘੜਾਮਾ, ਚਰਨਜੀਤ ਥੂਹਾ, ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਮੌਜੂਦ ਸਨ।

# ਸਿਵਲ ਹਸਪਤਾਲ ਬੰਗਾ ਵਿਖੇ ਪ੍ਰਧਾਨ ਮੰਤਰੀ ਸੁਰੱਖਿਆ ਮਾਤ੍ਰਤਵ ਅਭਿਆਨ ਮਨਾਇਆ ਗਿਆ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 10 ਦਸੰਬਰ INTERNATIONAL PAPER, 94636 01616 hardipchumber57@gmail.com




ਬੰਗਾ( ਚਰਨਜੀਤ ਸੱਲ੍ਹਾਂ )ਡਾ ਗੁਰਿੰਦਰਜੀਤ ਸਿੰਘ ਸਿਵਲ ਸਰਜਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ ਜਸਵਿੰਦਰ ਸਿੰਘ ਐਸ ਐਮ ਓ ਸਿਵਲ ਹਸਪਤਾਲ ਬੰਗਾ ਦੀ ਰਹਿਨੁਮਾਈ ਹੇਠ ਬਾਬਾ ਗੋਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਬੇਟੀ ਬਚਾਓ ਬੇਟੀ ਪੜ੍ਹਾਓ ਕੈਂਪ ਲਗਾਇਆ ਗਿਆ। ਇਸ ਵਿੱਚ ਡਾ ਰਵਨੀਤ ਕੌਰ ਮੈਡਮ ਮਨਜੀਤ ਕੌਰ ਹੈਲਥ ਸੁਪਰਵਾਈਜ਼ਰ ਫੀਮੇਲ , ਰਾਜ ਕੁਮਾਰ ਮੇਲ ਵਰਕਰ ਨੇ ਬੇਟੀ ਬਚਾਓ ਬੇਟੀ ਪੜ੍ਹਾਓ ਵਾਰੇ ਜਾਣਕਾਰੀ ਦਿੱਤੀ। ਇਸ ਵਿੱਚ ਬੇਟੀਆਂ ਨੂੰ ਬੇਟਿਆਂ ਦੇ ਸਮਾਂਨ ਸਮਝਣਾ ਅਤੇ ਉਨ੍ਹਾਂ ਨੂੰ ਜਨਮ ਲੈਣ ਦਾ ਅਧਿਕਾਰ ਹੈ। ਪੜ੍ਹਾਈ ਕਰਨੀ ਉਨ੍ਹਾਂ ਦੀ ਸਿਹਤ ਸੰਭਾਲ ਖੁਰਾਕ, ਟੀਕਾਕਰਨ ,ਆਦਰ ਸਤਿਕਾਰ ਕਰਨਾ ਚਾਹੀਦਾ ਹੈ। ਭਰੂਣ ਹੱਤਿਆਂ ਅਤੇ ਨਸ਼ਿਆਂ ਤੋਂ ਬਚਾਅ ਕਰਨਾ । ਬੁਢਾਪੇ ਵਿੱਚ ਇੱਕ ਧੀ ਹੀ ਮਾਂ ਪਿਉ ਦਾ ਖਿਆਲ ਰੱਖਦੀ ਹੈ। ਇਸ ਵਿੱਚ ਸਕੂਲ ਦੇ ਪ੍ਰਿੰਸੀਪਲ ਜਸਵਿੰਦਰ ਕੌਰ,ਮਿਸ ਸਤਵੀਰ ਕੌਰ, ਸਤਵੀਰ ਕੌਰ, ਮਨਜੀਤ ਕੌਰ, ਰੰਜਨਾ ਕੁਮਾਰੀ, ਨਿਸ਼ਾ ਸ਼ਰਮਾ, ਸੀਮਾ, ਜਸਪ੍ਰੀਤ ਕੌਰ, ਗੁਰਬਖਸ਼ ਕੌਰ ਆਸ਼ਾ ਵਰਕਰ ਅਤੇ ਸਕੂਲ ਦੇ ਸਟੂਡੈਂਟ ਸ਼ਾਮਿਲ ਹੋਏ।

# ਮਾਤਾ ਤੇ ਨਵਜੰਮੇ ਦੀ ਸਿਹਤ ਲਈ ਜਾਗਰੂਕਤਾ — ਭਰਤਗੜ੍ਹ ਵਿੱਚ ਵਿਸ਼ੇਸ਼ ਟੀਕਾਕਰਨ ਕੈਂਪ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 10 ਦਸੰਬਰ INTERNATIONAL PAPER, 94636 01616 hardipchumber57@gmail.com



ਸ਼੍ਰੀ ਕੀਰਤਪੁਰ ਸਾਹਿਬ , 10 ਦਸਬੰਰ : ਪੰਜਾਬ ਸਰਕਾਰ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਮਾਂ ਅਤੇ ਬੱਚੇ ਦੀ ਸਿਹਤ ਨੂੰ ਮਜ਼ਬੂਤ ਬਣਾਉਣ ਲਈ ਕੀਤੇ ਜਾ ਰਹੇ ਲਗਾਤਾਰ ਯਤਨਾਂ ਅਧੀਨ ਰਾਜ ਭਰ ਵਿੱਚ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸੇ ਲੜੀ ਅਧੀਨ ਸਿਵਲ ਸਰਜਨ ਰੂਪਨਗਰ ਡਾਕਟਰ ਸੁਖਵਿੰਦਰਜੀਤ ਸਿੰਘ ਅਤੇ ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ ਦੀ ਅਗਵਾਈ ਹੇਠ ਸੀ.ਐਚ.ਸੀ ਭਰਤਗੜ੍ਹ ਵਿੱਚ ਟੀਕਾਕਰਨ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਦਾ ਉਦੇਸ਼ ਮਾਂ-ਬੱਚਾ ਸਿਹਤ ਸੰਭਾਲ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣਾ ਸੀ।

ਕੈਂਪ ਦੌਰਾਨ ਗਰਭ ਦੌਰਾਨ ਸੰਭਾਲ , ਜਨਮ ਤੋਂ ਬਾਅਦ ਸੰਭਾਲ , ਮਾਂ-ਬੱਚਾ ਦੇਖਭਾਲ, ਪੋਸ਼ਟਿਕ ਆਹਾਰ, ਰੋਗਾਂ ਤੋਂ ਬਚਾਅ ਅਤੇ ਟੀਕਾਕਰਨ ਦੀ ਮਹੱਤਤਾ ਬਾਰੇ ਜਾਣਕਾਰੀ ਕੰਪੈਨਿਅਨ ਕੇਅਰ ਪ੍ਰੋਗਰਾਮ ਟੂਲਕਿੱਟ ਦੀ ਵਰਤੋਂ ਕਰਕੇ ਦਿੱਤੀ ਗਈ। ਇਹ ਜਾਣਕਾਰੀ ਸੀਨੀਅਰ ਮੈਡੀਕਲ ਅਫਸਰ ਡਾ. ਆਨੰਦ ਘਈ, ਸਟਾਫ ਨਰਸ ਪ੍ਰੀਤ ਕਮਲ, ਅਤੇ ਸਿਹਤ ਸੁਪਰਵਾਈਜ਼ਰ ਕੁਲਵੰਤ ਕੌਰ ਵੱਲੋਂ ਦਿੱਤੀ ਗਈ ।

ਡਾ.ਆਨੰਦ ਘਈ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਮਾਂ ਅਤੇ ਬੱਚੇ ਦੀ ਸੰਭਾਲ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਨਿਯਮਿਤ ਜਾਂਚਾਂ, ਸਹੀ ਆਹਾਰ ਅਤੇ ਬੱਚਿਆਂ ਦਾ ਸਮੇਂ-ਸਿਰ ਟੀਕਾਕਰਨ ਕਰਵਾਉਣਾ ਹਰ ਪਰਿਵਾਰ ਲਈ ਬਹੁਤ ਲਾਜ਼ਮੀ ਹੈ। ਕੰਪੈਨਿਅਨ ਕੇਅਰ ਪ੍ਰੋਗਰਾਮ ਦੀ ਮਦਦ ਨਾਲ ਦਿੱਤੀ ਗਈ ਜਾਣਕਾਰੀ ਮਹਿਲਾਵਾਂ ਨੂੰ ਹੋਰ ਜਾਗਰੂਕ ਤੇ ਸਿਹਤਮੰਦ ਰਹਿਣ ਲਈ ਪ੍ਰੇਰਿਤ ਕਰਦੀ ਹੈ।

# ਸਲਾਈਟ ਵਿਖੇ "ਫੂਡ ਐਲਰਜੀ ਤੇ ਪਰੰਪਰਾਗਤ ਭੋਜਨ" ਵਿਸ਼ੇ 'ਤੇ ਦੋ-ਰੋਜ਼ਾ ਕਾਨਫਰੰਸ ਅੱਜ ਤੋਂ

"Equality and justice"
Patiala 10 December
INTERNATIONAL PAPER, 9463601616
hardipchumber57@gmail.com



ਲੌਂਗੋਵਾਲ, 10 ਦਸੰਬਰ (ਜਗਸੀਰ ਸਿੰਘ) - ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਸਲਾਈਟ ਵਿਖੇ "ਫੂਡ ਇਨੋਵੇਸ਼ਨ, ਫੂਡ ਐਲਰਜੀ, ਅਤੇ ਪਰੰਪਰਾਗਤ ਭੋਜਨ" ਵਿਸ਼ੇ 'ਤੇ ਦੋ-ਰੋਜ਼ਾ ਰਾਸ਼ਟਰੀ/ਅੰਤਰਰਾਸ਼ਟਰੀ ਕਾਨਫਰੰਸ 11 ਅਤੇ 12 ਦਸੰਬਰ ਨੂੰ ਆਯੋਜਿਤ ਕੀਤੀ ਜਾ ਰਹੀ ਹੈ ਜਿਸ ਵਿਚ ਭਾਰਤ ਅਤੇ ਵਿਦੇਸ਼ਾਂ ਤੋਂ ਲਗਭਗ 200 ਭਾਗੀਦਾਰ ਖੋਜ ਪੱਤਰਾਂ, ਪੋਸਟਰਾਂ ਅਤੇ ਕੇਸ ਅਧਿਐਨਾਂ ਰਾਹੀਂ ਭੋਜਨ ਨਵੀਨਤਾ, ਐਲਰਜੀਨ-ਮੁਕਤ ਭੋਜਨ ਉਤਪਾਦਾਂ ਅਤੇ ਰਵਾਇਤੀ ਪਕਵਾਨਾਂ ਦੇ ਵਿਗਿਆਨਕ ਮਹੱਤਵ 'ਤੇ ਚਰਚਾ ਕਰਨਗੇ। ਇਸ ਸਮਾਗਮ ਦੇ ਮੁੱਖ ਮਹਿਮਾਨ ਪ੍ਰੋਫੈਸਰ ਮਨੀ ਕਾਂਤ ਪਾਸਵਾਨ ਹੋਣਗੇ, ਜੋ ਵਰਤਮਾਨ ਵਿੱਚ ਸਲਾਇਟ ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਹਨ ਅਤੇ ਭਾਰਤੀ ਗਿਆਨ ਪਰੰਪਰਾਵਾਂ ਅਤੇ ਤਕਨੀਕੀ ਸਿੱਖਿਆ ਨੂੰ ਏਕੀਕ੍ਰਿਤ ਕਰਨ ਵਿੱਚ ਆਪਣੇ ਕੰਮ ਲਈ ਜਾਣੇ ਜਾਂਦੇ ਹਨ। ਕਾਨਫਰੰਸ ਦੇ ਮੁੱਖ ਕਨਵੀਨਰ ਪ੍ਰੋ. ਕਮਲੇਸ਼ ਪ੍ਰਸਾਦ ਵੱਖ-ਵੱਖ ਤਕਨੀਕੀ ਸੈਸ਼ਨਾਂ, ਪੈਨਲ ਚਰਚਾਵਾਂ ਅਤੇ ਉਦਯੋਗ-ਅਕਾਦਮਿਕ ਸੰਵਾਦਾਂ ਦਾ ਸੰਚਾਲਨ ਕਰਨਗੇ। ਉਦਘਾਟਨੀ ਸਮਾਰੋਹ ਵਿੱਚ ਮਾਹਰ ਬੁਲਾਰੇ ਭੋਜਨ ਐਲਰਜੀ, ਐਲਰਜੀਨ-ਮੁਕਤ ਪ੍ਰੋਸੈਸਡ ਭੋਜਨ, ਬਾਜਰਾ-ਅਧਾਰਤ ਰਵਾਇਤੀ ਭੋਜਨ ਦੀਆਂ ਵਧਦੀਆਂ ਚੁਣੌਤੀਆਂ 'ਤੇ ਚਰਚਾ ਕਰਨਗੇ, ਅਤੇ ਉਹ ਨਿਊਟਰਾਸਿਊਟੀਕਲ ਵਰਗੇ ਉੱਭਰ ਰਹੇ ਖੇਤਰਾਂ ਵਿੱਚ ਆਪਣੇ ਅਨੁਭਵ ਸਾਂਝੇ ਕਰਨਗੇ। ਤਕਨੀਕੀ ਸੈਸ਼ਨ ਖਾਸ ਤੌਰ 'ਤੇ ਇਸ ਗੱਲ 'ਤੇ ਕੇਂਦ੍ਰਤ ਹੋਣਗੇ ਕਿ ਕਿਵੇਂ ਭਾਰਤੀ ਰਵਾਇਤੀ ਭੋਜਨ ਨੂੰ ਵਿਗਿਆਨਕ ਤੌਰ 'ਤੇ ਸਿਹਤਮੰਦ, ਸੁਰੱਖਿਅਤ ਅਤੇ ਵਿਸ਼ਵ ਬਾਜ਼ਾਰ ਲਈ ਢੁਕਵਾਂ ਬਣਾਉਣ ਲਈ ਮੁੜ ਤਿਆਰ ਕੀਤਾ ਜਾ ਸਕਦਾ ਹੈ। ਕਾਨਫਰੰਸ ਦੌਰਾਨ ਨੌਜਵਾਨ ਖੋਜਕਰਤਾਵਾਂ ਨੂੰ ਨਵੀਨਤਾ ਨੂੰ ਉਤਸ਼ਾਹਿਤ ਕਰਨ ਲਈ ਸਰਵੋਤਮ ਪੇਪਰ ਅਤੇ ਸਰਵੋਤਮ ਪੋਸਟਰ ਪੁਰਸਕਾਰ ਪੇਸ਼ ਕੀਤੇ ਜਾਣਗੇ। ਸਮਾਪਤੀ ਸੈਸ਼ਨ ਵਿੱਚ ਸਿਫ਼ਾਰਸ਼ਾਂ ਵਿਕਸਤ ਕੀਤੀਆਂ ਜਾਣਗੀਆਂ ਜੋ ਨੀਤੀ ਨਿਰਮਾਤਾਵਾਂ, ਖੋਜ ਸੰਸਥਾਵਾਂ ਅਤੇ ਭੋਜਨ ਉਦਯੋਗ ਨੂੰ ਇੱਕ ਸਿਹਤਮੰਦ ਅਤੇ ਐਲਰਜੀ-ਸੁਰੱਖਿਅਤ ਭਾਰਤ ਦੇ ਟੀਚੇ ਵੱਲ ਠੋਸ ਕਦਮ ਚੁੱਕਣ ਲਈ ਪ੍ਰਸਾਰਿਤ ਕੀਤੀਆਂ ਜਾਣਗੀਆਂ।

# ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਰਾਜ ਚੋਣ ਕਮਿਸ਼ਨ ਦੇ ਪੱਤਰ ਮੰਨਣ ਤੋਂ ਇਨਕਾਰ ਬੀਐਲਓ ਦੀਆਂ ਪੋਲਿੰਗ ਡਿਊਟੀਆਂ ਕੱਟਣ ਤੋਂ ਇਨਕਾਰੀ

"Equality and justice"
Patiala 10 December
INTERNATIONAL PAPER, 9463601616
hardipchumber57@gmail.com



ਸ੍ਰੀ ਮੁਕਤਸਰ ਸਾਹਿਬ 10 ਦਸੰਬਰ 2025- ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਹੋ ਰਹੀਆਂ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਵਿਭਾਗ ਦੇ ਅਧੀਨ ਕੰਮ ਕਰਦੇ ਬੀਐਲਓ ਦੀਆਂ ਡਿਊਟੀਆਂ ਵੱਡੀ ਤਦਾਦ ਵਿੱਚ ਲਗਾਈਆਂ ਗਈਆਂ ਹਨ।

ਜਿਸ ਦੇ ਸਬੰਧ ਵਿੱਚ ਰਾਜ ਚੋਣ ਕਮਿਸ਼ਨ ਵੱਲੋਂ ਅਜ ਇੱਕ ਪੱਤਰ ਜਾਰੀ ਕੀਤਾ ਗਿਆ ਜਿਸ ਵਿੱਚ ਲਿਖਿਆ ਗਿਆ ਕਿ ਰਾਜ ਚੋਣ ਕਮਿਸ਼ਨ ਵੱਲੋਂ ਐਸ ਆਈ ਆਰ ਦਾ ਮਹੱਤਵਪੂਰਨ ਕੰਮ ਚੱਲ ਰਿਹਾ ਹੈ ਇਸ ਲਈ ਸਮੂਹ ਬੀਐਲਓ ਨੂੰ ਇਹਨਾਂ ਬਾਲਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚੋਂ ਛੋਟ ਦਿੱਤੀ ਜਾਵੇ।

ਜਦ ਇਸ ਦੇ ਸਬੰਧ ਵਿੱਚ ਡਿਪਟੀ ਕਮਿਸ਼ਨਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅਤੇ ਏਡੀਸੀ (ਵਿਕਾਸ) ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੂੰ ਨੁਮਾਇੰਦਿਆਂ ਵੱਲੋਂ ਮਿਲਿਆ ਗਿਆ ਤਾਂ ਉਹਨਾਂ ਨੇ ਇਸ ਪੱਤਰ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਬੀਐਲਓ ਨੂੰ ਇਸ ਡਿਊਟੀ ਤੋਂ ਕਿਸੇ ਵੀ ਕਿਸਮ ਦੀ ਛੋਟ ਨਹੀਂ ਦਿੱਤੀ ਜਾਵੇਗੀ।

ਬੀਐਲਓ ਯੂਨੀਅਨ ਮੁਕਤਸਰ ਨੇ ਇਸ ਸਬੰਧੀ ਰੋਸ ਪ੍ਰਗਟ ਕਰਦੇ ਹੋਏ ਕਿਹਾ ਕਿ ਜੇਕਰ ਜਿਲਾ ਪ੍ਰਸ਼ਾਸਨ ਨੇ ਇਸ ਪੱਤਰ ਨੂੰ ਲਾਗੂ ਨਹੀਂ ਕੀਤਾ ਤਾਂ ਇਸ ਦਾ ਖਾਮਿਆਜ਼ਾ ਪ੍ਰਸ਼ਾਸਨ ਨੂੰ ਭੁਗਤਣਾ ਪਵੇਗਾ। ਅਤੇ ਆਉਣ ਵਾਲੇ ਦਿਨਾਂ ਦੇ ਵਿੱਚ ਇਸ ਪੱਤਰ ਨੂੰ ਲਾਗੂ ਕਰਾਉਣ ਦੇ ਲਈ ਡੀਸੀ ਦਫਤਰ ਵਿਖੇ ਧਰਨਾ ਲਗਾਇਆ ਜਾਵੇਗਾ।

# ਸੰਤ ਰਾਮਪਾਲ ਜੀ ਨੂੰ 'ਕਿਸਾਨ ਰੱਖਿਅਕ' ਤੇ 'ਭਾਰਤ ਗੌਰਵ' ਸਨਮਾਨ ਮਿਲਣ ਤੇ ਸਤਲੋਕ ਆਸ਼ਰਮ ਖਮਾਣੋਂ ਤੇ ਧੂਰੀ ਦੇ ਸੇਵਾਦਾਰਾਂ ਵਲੋਂ ਸਵਾਗਤ

"Equality and justice"
Patiala 10 December
INTERNATIONAL PAPER, 9463601616
hardipchumber57@gmail.com



ਸੰਗਰੂਰ,10 ਦਸੰਬਰ (ਜਗਸੀਰ ਲੌਂਗੋਵਾਲ)- ਹਰਿਆਣਾ ਦੇ ਹਿਸਾਰ ਜ਼ਿਲ੍ਹੇ ਦੀਆਂ 44 ਪਿੰਡਾਂ ਦੀਆਂ ਖਾਪ ਪੰਚਾਇਤਾਂ ਵਲੋਂ ਆਧੁਨਿਕ ਯੁੱਗ ਦੇ ਪ੍ਰਸਿੱਧ ਆਧਿਆਤਮਿਕ ਪੂਰਨ ਜਗਤਗੁਰੂ ਤੱਤਵਦਰਸ਼ੀ ਸੰਤ ਰਾਮਪਾਲ ਜੀ ਮਹਾਰਾਜ ਨੂੰ "ਕਿਸਾਨ ਰੱਖਿਅਕ" ਸਨਮਾਨ ਨਾਲ ਨਿਵਾਜਿਆ ਗਿਆ। ਉੱਥੇ ਹੀ ਦਿੱਲੀ ਦੀ ਕਾਲੀਰਮਨ ਫੈਡਰੇਸ਼ਨ ਵੱਲੋਂ ਵੀ ਸੰਤ ਰਾਮਪਾਲ ਜੀ ਮਹਾਰਾਜ ਨੂੰ ਭਾਰਤ ਗੌਰਵ ਸਨਮਾਨ ਅਰਪਿਤ ਕੀਤਾ ਗਿਆ। ਇਹ ਸਨਮਾਨ ਮਨੁੱਖਤਾ ਦੀ ਸੇਵਾ, ਸਮਾਜਿਕ ਸੁਧਾਰ ਅਤੇ ਅਧਿਆਤਮਿਕ ਜਾਗਰੂਕਤਾ ਦੇ ਖੇਤਰ ਵਿੱਚ ਸੰਤ ਰਾਮਪਾਲ ਜੀ ਦੇ ਅਸਾਧਾਰਣ ਯੋਗਦਾਨ ਨੂੰ ਮਾਨਤਾ ਦੇਣ ਲਈ ਅਰਪਿਤ ਕੀਤੇ ਗਏ ਹਨ।

ਇਸ ਮੌਕੇ ਤੇ ਖਾਪ ਦੇ ਪ੍ਰਧਾਨਾਂ ਅਤੇ ਬਜ਼ੁਰਗ ਮੈਂਬਰਾਂ ਨੇ ਕਿਹਾ ਕਿ ਸੰਤ ਰਾਮਪਾਲ ਜੀ ਮਹਾਰਾਜ ਨੇ ਸਮਾਜ ਵਿਚ ਬਰਾਬਰੀ, ਸ਼ਾਂਤੀ, ਅਹਿੰਸਾ ਅਤੇ ਨਸ਼ਾਮੁਕਤ ਜੀਵਨ ਜਿਹੀਆਂ ਉੱਚੀਆਂ ਮਰਿਆਦਾਵਾਂ ਨੂੰ ਪ੍ਰਚਾਰਤ ਕਰਕੇ ਲੱਖਾਂ ਲੋਕਾਂ ਦੇ ਜੀਵਨ ਵਿਚ ਬਦਲਾਅ ਲਿਆਂਦਾ ਹੈ। ਉਹਨਾਂ ਨੇ ਸਾਰਿਆਂ ਧਰਮਾਂ ਦੇ ਮੂਲ ਸੰਦੇਸ਼ "ਜੀਵ ਹਮਾਰੀ ਜਾਤੀ ਹੈ, " ਨੂੰ ਸਪਸ਼ਟ ਕੀਤਾ ਹੈ। ਹਰਿਆਣਾ ਵਿੱਚ ਆਈ ਹੜ੍ਹਾਂ ਦੀ ਮੁਸੀਬਤ ਸਮੇਂ ਮਸੀਹਾ ਬਣ ਕੇ ਅੱਗੇ ਆਏ ਹਨ।

